Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 77 Monday, April 27, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

STAY HOME
STAY SAFE

## ਇਮਿਊਨਿਟੀ ਪਾਸਪੋਰਟ ਦੇਣ ਦੀ ਗੱਲ ਕਰਨਾ ਜਲਦਬਾਜ਼ੀ ਹੋਵੇਗੀ : ਟਰੂਡੋ

ਓਟਵਾ, 26 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਪਸ਼ਟ ਕਰ ਦਿੱਤਾ ਹੈ ਕਿ ਕੈਨੇਡੀਅਨਾਂ ਨੂੰ ਤਥਾ ਕਥਿਤ ਇਮਿਊਨਿਟੀ ਪਾਸ-ਪੋਰਟ ਦੇਣ ਦੀ ਗੱਲ ਕਰਨਾ ਜਲਦਬਾਜ਼ੀ ਹੋਵੇਗੀ। ਉਨ੍ਹਾਂ ਆਖਿਆ ਕਿ ਅਜਿਹਾ ਇਸ ਲਈ ਕਿਉਂਕਿ ਸਾਇੰਸ ਵਿੱਚ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਜਿਹੜੇ ਵਿਅਕਤੀ ਇੱਕ ਵਾਰੀ ਕੋਵਿਡ-19 ਤੋਂ ਸਿਹਤਯਾਬ ਹੋਏ ਹੁੰਦੇ ਹਨ ਉਨ੍ਹਾਂ ਨੂੰ ਦੁਬਾਰਾ ਇਹ ਨਹੀਂ ਹੋ ਸਕਦਾ।




ਹੁਣ ਜਦੋਂ ਕੋਵਿਡ-19 ਲਾਕਡਾਊਨਜ਼ ਖੋਲ੍ਹਣ ਲਈ ਪ੍ਰੋਵਿੰਸ ਤਿਆਰੀ ਕਰ ਰਹੀਆਂ ਹਨ ਤਾਂ ਟਰੂਡੋ ਨੇ ਆਖਿਆ ਕਿ ਇਨ੍ਹਾਂ ਵਿੱਚੋਂ ਕੋਈ ਵੀ ਰਿਕਵਰੀ ਪਲੈਨਜ਼ ਕੋਵਿਡ-19 ਤੋਂ ਦੂਜੀ ਵਾਰੀ ਬਿਮਾਰ ਨਾ ਪੈਣ ਵਾਲਿਆਂ ਉੱਤੇ ਟਿਕੇ ਹੋਏ ਨਹੀਂ ਹਨ। ਟਰੂਡੋ ਨੇ ਆਖਿਆ ਕਿ ਉਨ੍ਹਾਂ ਸ਼ੁੱਕਰਵਾਰ ਨੂੰ ਪ੍ਰੀਮੀਅਰਜ਼ ਨਾਲ ਗੱਲਬਾਤ ਕੀਤੀ ਸੀ ਤੇ ਉਨ੍ਹਾਂ ਪ੍ਰੋਵਿੰਸਾਂ ਵੱਲੋਂ ਬਿਜ਼ਨਸ, ਸਕੂਲ ਤੇ ਹੋਰ ਇੰਸਟੀਚਿਊਸ਼ਨਜ਼ ਖੋਲ੍ਹਣ ਲਈ ਵਰਤੇ ਜਾਣ ਵਾਲੇ ਬੇਸਿਕ ਫਰੇਮਵਰਕ ਬਾਰੇ ਵਿਚਾਰ ਵਟਾਂਦਰਾ ਕੀਤਾ ਸੀ।

ਉਨ੍ਹਾਂ ਆਖਿਅ ਕਿ ਵਾਇਰਸ ਦੇ ਪਸਾਰ ਨੂੰ ਰੋਕਣ ਲਈ ਸੱਭ ਦਾ ਧਿਆਨ ਫਿਜ਼ੀਕਲ ਡਿਸਟੈਂਸਿੰਗ ਤੇ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਦੀ ਵਰਤੋਂ ਕਰਨ ਵੱਲ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਸਾਇੰਸ ਵਿੱਚ ਕਿਤੇ ਵੀ ਇਹ ਸਿੱਧ ਨਹੀਂ ਹੋਇਆ ਹੈ ਕਿ ਜਿਹੜਾ ਇੱਕ ਵਾਰੀ ਕੋਵਿਡ-19 ਨੂੰ ਮਾਤ ਦੇ ਚੁੱਕਿਆ ਹੈ ਉਸ ਨੂੰ ਦੁਬਾਰਾ ਇਹ ਨਹੀਂ ਹੋਵੇਗਾ। ਇਸ ਦੇ ਸਪਸ਼ਟ ਜਵਾਬ ਦੀ ਸਾਨੂੰ ਉਡੀਕ ਕਰਨੀ ਹੋਵੇਗੀ। ਉਦੋਂ ਤੱਕ ਸਾਨੂੰ ਅਹਿਤਿਆਤ ਤੋਂ ਹੀ ਕੰਮ ਲੈਣਾ ਹੋਵੇਗਾ।

ਜ਼ਿਕਰਯੋਗ ਹੈ ਕਿ ਕੁੱਝ ਦੇਸ਼ਾਂ ਵੱਲੋਂ ਪਹਿਲਾਂ ਹੀ ਇਨਫੈਕਟ ਹੋ ਚੁੱਕੇ ਨਾਗਰਿਕਾਂ ਨੂੰ ਤਥਾ ਕਥਿਤ ਇਮਿਊਨਿਟੀ ਪਾਸ-ਪੋਰਟਸ ਜਾਰੀ ਕਰਨ ਜਾਂ ਰਿਸਕ ਫਰੀ ਪਾਸਪੋਰਟਸ ਜਾਰੀ ਕਰਨ ਦੇ ਫੈਸਲੇ ਉੱਤੇ ਡਬਲਿਊਐਚਓ ਵੱਲੋਂ ਚਿੰਤਾ ਪ੍ਰਗਟਾਈ ਹੈ। ਟਰੂਡੋ ਵੀ ਇਸੇ ਮੁੱਦੇ ਉੱਤੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ।

## ਓਨਟਾਰੀਓ 'ਚ ਕੋਵਿਡ-19 ਦੇ 476 ਨਵੇਂ ਮਾਮਲੇ ਆਏ ਸਾਹਮਣੇ, 48 ਮੌਤਾਂ ਦੀ ਪੁਸ਼ਟੀ

ਓਨਟਾਰੀਓ, 26 ਅਪਰੈਲ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 476 ਨਵੇਂ ਮਾਮਲੇ ਸਾਹਮਣੇ ਆਏ। ਇਸ ਨਾਲ ਪ੍ਰੋਵਿੰਸ ਵਿੱਚ ਕਰੋਨਾਵ-ਾਇਰਸ ਦੇ ਕੁੱਲ ਮਾਮਲਿਆਂ ਦੀ ਗਿਣਤੀ ਲੱਗਭਗ 14,000 ਹੋ ਗਈ ਹੈ।



ਪਿਛਲੇ ਦੋ ਦਿਨਾਂ ਵਿੱਚ ਪ੍ਰੋਵਿੰਸ ਵਿੱਚ 600 ਨਵੇਂ ਮਾਮਲੇ ਦਰਜ ਕੀਤੇ ਗਏ। ਇੱਕਲੇ ਸ਼ੁੱਕਰਵਾਰ ਨੂੰ ਹੀ 640 ਮਾਮਲੇ ਸਾਹਮਣੇ ਆਏ। ਕੋਵਿਡ-19 ਕਾਰਨ 48 ਹੋਰ ਮੌਤਾਂ ਵੀ ਦਰਜ ਕੀਤੀਆਂ ਗਈਆਂ ਤੇ ਹੁਣ ਤੱਕ ਇੱਥੇ ਇਸ ਮਹਾਮਾਰੀ ਕਾਰਨ ਮਰਨ ਵਾਲਿਆਂ ਦੀ ਕੁੱਲ ਗਿਣਤੀ 811 ਤੱਕ ਅੱਪੜ ਗਈ ਹੈ। 925 ਮਰੀਜਲ ਇਸ ਸਮੇਂ ਹਸਪਤਾਲਾਂ ਵਿੱਚ ਜੇਰੇ ਇਲਾਜ ਹਨ ਜਦਕਿ 245 ਦਾ ਇਲਾਜ ਆਈਸੀਯੂ ਵਿੱਚ ਚੱਲ ਰਿਹਾ ਹੈ।

ਪਿਛਲੇ 24 ਘੰਟਿਆਂ ਦੇ ਅਰਸੇ ਵਿੱਚ 10,500 ਟੈਸਟ ਕੀਤੇ ਜਾ ਚੁੱਕੇ ਹਨ ਤੇ ਇੱਕ ਦਿਨ ਪਹਿਲਾਂ 12,000 ਟੈਸਟ ਕੀਤੇ ਗਏ ਸਨ। ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀਆਂ ਅਨੁਸਾਰ ਇਸ ਬਿਮਾਰੀ ਦੀ ਚਪੇਟ ਵਿੱਚ ਆਉਣ ਵਾਲਿਆਂ ਵਿੱਚੋਂ 46 ਫੀ ਸਦੀ ਸਿਹਤਯਾਬ ਹੋ ਚੁੱਕੇ ਹਨ।

## ਫਰੰਟਲਾਈਨ ਵਰਕਰਜ਼ ਨੂੰ ਓਨਟਾਰੀਓ ਸਰਕਾਰ ਦੇਵੇਗੀ ਹਰ ਘੰਟੇ ਦੇ ਵਾਧੂ 4 ਡਾਲਰ



ਓਨਟਾਰੀਓ, 26 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਕੋਵਿਡ-19 ਖਿਲਾਫ ਸੰਘਰਸ਼ ਵਿੱਚ ਮਦਦ ਕਰਨ ਵਾਲੇ ਫਰੰਟਲਾਈਨ ਵਰਕਰਜ਼ ਨੂੰ ਅਗਲੇ ਚਾਰ ਮਹੀਨਿਆਂ ਲਈ ਉਨ੍ਹਾਂ ਦੇ ਮੌਜੂਦਾ ਭੱਤਿਆਂ ਤੋਂ ਇਲਾਵਾ ਹਰ ਘੰਟੇ ਦੇ 4 ਡਾਲਰ ਵਾਧੂ ਮਿਲਣਗੇ। ਇਸ ਤੋਂ ਇਲਾਵਾ, ਜਿਹੜੇ ਕਰਮਚਾਰੀ ਪ੍ਰਤੀ ਮਹੀਨਾ 100 ਘੰਟਿਆਂ ਤੋਂ ਵੱਧ ਕੰਮ ਕਰਨਗੇ ਉਨ੍ਹਾਂ ਨੂੰ ਅਗਲੇ ਚਾਰ ਮਹੀਨਿਆਂ ਤੱਕ 250 ਡਾਲਰ ਪ੍ਰਤੀ ਮਹੀਨਾ ਉੱਕਾ ਪੁੱਕਾ ਰਕਮ ਹੋਰ ਮਿਲੇਗੀ। ਇਸ ਤੋਂ ਭਾਵ ਇਹ ਹੈ ਕਿ ਪ੍ਰਤੀ ਹਫਤਾ ਔਸਤਨ 40 ਘੰਟਿਆਂ ਤੋਂ ਵੱਧ ਕੰਮ ਕਰਨ ਵਾਲੇ ਯੋਗ ਕਰਮਚਾਰੀਆਂ ਨੂੰ 3560 ਡਾਲਰ ਵੱਧ ਹਾਸਲ ਹੋਣਗੇ। ਪ੍ਰੋਵਿੰਸ਼ੀਅਲ ਸਰਕਾਰ ਅਨੁਸਾਰ 350,000 ਵਰਕਰਜ਼ ਪੈਨਡੈਮਿਕ ਪੇਅਮੈਂਟ ਲਈ ਯੋਗ ਹੋਣਗੇ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਾਡੇ ਬਿਮਾਰ ਤੇ ਕਮਜ਼ੋਰ ਨਾਗਰਿਕਾਂ ਦੀ ਸਾਂਭ ਸੰਭਾਲ ਕਰਦਿਆਂ ਹੋਇਆਂ ਇਹ ਲੋਕ ਖੁਦ ਨੂੰ ਖਤਰੇ ਵਿੱਚ ਪਾਉਂਦੇ ਹਨ। ਉਨ੍ਹਾਂ ਆਖਿਆ ਕਿ ਓਨਟਾਰੀਓ ਦੇ ਲੋਕਾਂ ਸਮੇਤ ਉਹ ਖੁਦ ਇਨ੍ਹਾਂ ਵਰਕਰਜ਼ ਦੇ ਦਿਲੋਂ ਧੰਨਵਾਦੀ ਹਨ। ਉਨ੍ਹਾਂ ਆਖਿਆ ਕਿ ਜਿਹੜੇ ਆਪਣੀਆਂ ਜ਼ਿੰਦਗੀਆਂ ਦੀ ਪਰਵਾਹ ਕੀਤੇ ਬਿਨਾਂ ਸਾਡੇ ਲਈ ਐਨਾ ਬਲੀਦਾਨ ਕਰ ਰਹੇ ਹਨ ਹੁਣ ਉਨ੍ਹਾਂ ਲਈ ਕੁੱਝ ਕਰਨ ਦਾ ਸਮਾਂ ਆ ਗਿਆ ਹੈ।

ਫੋਰਡ ਨੇ ਅਜਿਹੇ ਪ੍ਰੋਗਰਾਮ ਲਈ ਵਿੱਤੀ ਮਦਦ ਦੇਣ ਵਿੱਚ ਫੈਡਰਲ ਸਰਕਾਰ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਅਜਿਹੀ ਅਦਾਇਗੀ ਹਾਸਲ ਕਰਨ ਵਾਲਿਆਂ ਵਿੱਚ ਲਾਂਗ ਟਰਮ ਕੇਅਰ ਹੋਮਜ਼ ਦਾ ਸਟਾਫ, ਰਿਟਾਇਰਮੈਂਟ ਹੋਮਜ਼, ਐਮਰਜੰਸੀ ਸ਼ੈਲਟਰਜ਼, ਕੋਰੈਕਸ਼ਨ ਇੰਸਟੀਚਿਊਸ਼ਨਜਲ ਤੇ ਪਰਸਨਲ ਸਪੋਰਟ ਵਰਕਰ ਵੀ ਸ਼ਾਮਲ ਹਨ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202 To Reach Wider Audience

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional ,Reliable & Experienced**
Services: Painting • Drywalls • Plumbing • Electrical • Flooring
Complete Basement Renovation • Kitchen & Washrooms • Concrete Services (Driveways & Sidewalks)
Note: Complete basement (passed by city) Certified GasTechnician
*5-10 % DISCOUNT
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
www.dhindsalaw.ca
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate • Family Law • Business Closing • Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885




# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

**Jagdish Grewal**
Sales Representative



Residential | Commercial | Investment

(416) 970-5005

Office: 905-488-2100 Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ >>

ਕੋਰੋਨਾ ਕਹਿਰ ਤੋਂ ਦੁਖੀ ਆ ਲੋਕ ਭਾਵੇਂ,
ਆਖਰ ਲੱਭ ਜਾਊ ਏਸ ਦਾ ਹੱਲ ਬੇਲੀ।
ਆਈ ਔਕੜ ਤਾਂ ਭੱਜ ਨਾ ਕਿਤੇ ਜਾਣਾ,
ਲੈਣੀ ਕਿਸੇ ਤਰ੍ਹਾਂ ਔਖ ਆ ਝੱਲ ਬੇਲੀ।
ਡਾਕਟਰ ਲੱਗੇ ਆ ਲੱਭਣਗੇ ਹੱਲ ਕੋਈ,
ਖੱਟਣੀ ਫੇਰ ਵਿਗਿਆਨ ਨੇ ਭੱਲ ਬੇਲੀ।
ਔਕੜ ਆਈ ਦੇ ਵਕਤ ਦੌਰਾਨ ਵੀ ਤਾਂ,
ਸੁਖਾਵੀਂ ਹੋਈ ਹੈ ਇੱਕ ਤਾਂ ਗੱਲ ਬੇਲੀ।
ਪਰਦੂਸ਼ਣ ਵਧਣ ਦੀ ਜਿੱਦਾਂ ਬਰੇਕ ਲੱਗੀ,
ਕੁਦਰਤ ਪਈ ਹੈ ਫੇਰ ਕੁਝ ਟਹਿਕ ਬੇਲੀ।
ਕੱਟਿਆ ਕਸ਼ਟ ਕੋਰੋਨਾ ਦਾ ਜਾਂਦਿਆਂ ਹੀ,
ਸੱਚੀ ਜੀਵਨ ਦੀ ਆਊਗੀ ਮਹਿਕ ਬੇਲੀ।

ਤੀਸ ਮਾਰ ਖਾਂ

# ਓਨਟਾਰੀਓ ’ਚ ਮਈ ਦੇ ਅੰਤ ਤੱਕ ਬੰਦ ਰਹਿਣਗੇ ਪਬਲਿਕ ਸਕੂਲ

ਓਨਟਾਰੀਓ, 26 ਅਪਰੈਲ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਸਾਰੇ ਜਨਤਕ ਫੰਡ ਹਾਸਲ ਕਰਨ ਵਾਲੇ ਸਕੂਲਾਂ ਨੂੰ ਮਈ ਦੇ ਅੰਤ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਦੱਸਿਆ ਕਿ ਇਹ ਫੈਸਲਾ ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀਆਂ ਤੇ ਮਾਹਿਰਾਂ ਦੀ ਰਾਇ ਤੋਂ ਬਾਅਦ ਹੀ ਲਿਆ ਗਿਆ ਹੈ। ਪ੍ਰੋਵਿੰਸ਼ੀਅਲ ਵਿਧਾਨਸਭਾ ਤੋਂ ਗੱਲ ਕਰਦਿਆਂ ਲਿਚੇ ਨੇ ਆਖਿਆ ਕਿ ਮਾਪਿਆਂ ਨੂੰ ਉਹ ਯਕੀਨ ਦਿਵਾਉਣਾ ਚਾਹੁੰਦੇ ਹਨ ਕਿ ਇਸ ਫੈਸਲੇ ਪਿੱਛੇ ਬੱਚਿਆ ਦੀ ਸੇਫਟੀ ਹੀ ਸਾਡਾ ਮੁੱਖ ਮੰਤਵ ਹੈ।

ਲਿਚੇ ਨੇ ਇਹ ਵੀ ਆਖਿਆ ਕਿ ਸਕੂਲ ਯੀਅਰ ਬਾਰੇ ਆਖਰੀ ਫੈਸਲਾ ਮਈ ਦੇ ਅੰਤ ਵਿੱਚ ਲਿਆ ਜਾਵੇਗਾ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਸਕੂਲ ਸਾਲ ਦੇ ਅੰਤ ਵਾਲੀ ਟਰਮ ਲਈ ਖੁੱਲ੍ਹ ਜਾਣਗੇ।



ਜ਼ਿਕਰਯੋਗ ਹੈ ਕਿ ਪ੍ਰਾਈਵੇਟ ਸਕੂਲਜ਼, ਫਰਸਟ ਨੇਸ਼ਨ ਸਕੂਲਜ਼ ਉੱਤੇ ਇਹ ਫੈਸਲਾ ਲਾਗੂ ਨਹੀਂ ਹੁੰਦਾ। ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਦੇ ਨਾਲ ਉਹ ਵੀ ਪ੍ਰੋਵਿੰਸ ਦੇ ਐਮਰਜੰਸੀ ਆਰਡਰਜ਼ ਤਹਿਤ ਆਉਂਦੇ ਹਨ ਤੇ ਹਾਲ ਦੀ ਘੜੀ 6 ਮਈ ਤੱਕ ਬੰਦ ਰਹਿਣਗੇ।

# ਜੇਨ ਤੇ ਸ਼ੈਪਰਡ ਐਵਨਿਊ ਨੇੜੇ ਚੱਲੀ ਗੋਲੀ, ਇੱਕ ਹਲਾਕ

ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਜੇਨ ਸਟਰੀਟ ਤੇ ਸ਼ੈਪਰਡ ਐਵਨਿਊ ਵੈਸਟ ਨੇੜੇ ਇੱਕ ਵਿਅਕਤੀ ਨੂੰ ਗੋਲੀ ਮਾਰਨ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਜਾਂਚ ਕਰ ਰਹੀ ਹੈ।

ਰਾਤੀਂ 7:00 ਵਜੇ ਪੁਲਿਸ ਨੇ ਟਵੀਟ ਕਰਕੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਨੂੰ ਗੋਲੀ ਲੱਗਣ ਕਾਰਨ ਨੌਰਥ ਯੌਰਕ ਦੇ ਨੇੜਲੇ ਇਲਾਕੇ ਵਿੱਚ ਸੱਦਿਆ ਗਿਆ। ਈਐਮਐਸ ਵੱਲੋਂ ਉਸ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਬਾਅਦ ਵਿੱਚ ਦੱਸਿਆ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ




ਵਿਅਕਤੀ ਹਸਪਤਾਲ ਵਿੱਚ ਦਮ ਤੋੜ ਗਿਆ।

ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਅਜੇ ਤੱਕ ਇਸ ਮਾਮਲੇ ਦੇ ਸਬੰਧ ਵਿੱਚ ਕੋਈ ਹੋਰ ਵੇਰਵੇ ਪੁਲਿਸ ਵੱਲੋਂ ਜਾਰੀ ਨਹੀਂ ਕੀਤੇ ਗਏ ਹਨ।

# ਵਿਦੇਸ਼ ਫਸੇ ਬੈਠੇ ਭਾਰਤੀਆਂ ਨੂੰ ਲਿਆਉਣ ਲਈ ਵਿਦੇਸ਼ ਵਿਭਾਗ ਦੀ ਯੋਜਨਾ ਤਿਆਰ

ਨਵੀਂ ਦਿੱਲੀ, 26 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਲਾਕਡਾਊਨ ਕਾਰਨ ਦੂਸਰੇ ਦੇਸ਼ਾਂ ਵਿੱਚ ਫਸੇ ਹੋਏ ਭਾਰਤੀ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਵਿਦੇਸ਼ ਵਿਭਾਗ ਨੇ ਯੋਜਨਾ ਬਣਾਈ ਹੈ। ਇਹ ਯੋਜਨਾ ਕੈਬਨਿਟ ਸਕੱਤਰ ਰਾਜੀਵ ਗੌਬਾ ਵੱਲੋਂ ਬੁਲਾਈ ਗਈ ਉੱਚ ਅਧਿਕਾਰੀਆਂ ਦੀ ਮੀਟਿੰਗ ਵਿੱਚ ਪੇਸ਼ ਕੀਤੀ ਗਈ ਹੈ।

ਇਸ ਸੰਬੰਧ ਵਿੱਚ ਵਿਦੇਸ਼ ਸੈਕਟਰੀ ਹਰਸ਼ ਸ਼੍ਰਿੰਗਲਾ ਨੇ ਦੱਸਿਆ ਕਿ ਮੰਤਰਾਲਾ ਭਾਰਤ ਦੇ ਨਾਗਰਿਕਾਂ ਦੀ ਵਾਪਸੀ ਲਈ ਕੰਮ ਕਰਦੇ ਸਮੇਂ ਇਹ ਵੇਖ ਰਿਹਾ ਹੈ ਕਿ ਕਿਸ ਥਾਂ ਕਿੰਨੇ ਲੋਕ ਹਨ ਤੇ ਉਨ੍ਹਾਂ ਨੂੰ ਕਿਹੜੇ ਦੇਸ਼ ਤੋਂ ਲਿਆਉਣ ਲਈ ਭਾਰਤ ਤੋਂ ਕਿੰਨੀਆਂ ਉਡਾਣਾਂ ਦੀ ਲੋੜ ਹੋਵੇਗੀ। ਜਿਥੇ ਸੰਭਵ ਹੋਵੇ, ਕੋਸ਼ਿਸ਼ ਹੋਵੇਗੀ ਕਿ ਬਾਹਰੋਂ ਆਏ ਭਾਰਤੀ ਨਾਗਰਿਕ ਕੋਰੋਨਾ ਨੈਗਟਿਵ ਦੇ ਸਰਟੀਫਿਕੇਟ ਲੈ ਕੇ ਆਉਣ। ਸ਼੍ਰਿੰਗਲਾ ਨੇ ਕਿਹਾ ਕਿ ਏਦਾਂ ਕਰਨ ਨਾਲ ਇਹ ਪਛਾਣ ਸੌਖੀ ਹੋਵੇਗੀ ਕਿ ਕਿਨ੍ਹਾਂ ਲੋਕਾਂ ਨੂੰ ਕੁਆਰੰਟੀਨ ਕੈਂਪ ਭੇਜਣਾ ਤੇ ਕਿਨ੍ਹਾਂ ਨੂੰ ਹੋਮ ਕੁਆਰੰਟੀਨ ਭੇਜਣਾ ਹੈ।




ਵਿਦੇਸ਼ ਮੰਤਰਾਲਾ ਇਸ ਵੀ ਵੇਖ ਰਿਹਾ ਹੈ ਕਿ ਕਿਨ੍ਹਾਂ ਨੂੰ ਪਹਿਲਾਂ ਵਾਪਸ ਲਿਆਉਣ ਦੀ ਲੋੜ ਹੈ ਤੇ ਇਸ ਦਾ ਅਧਾਰ ਕੀ ਹੈ। ਇਹ ਸੂਚੀ ਵਿਦੇਸ਼ ਵਿੱਚ ਫਸੇ ਹੋਏ ਉਨ੍ਹਾਂ ਭਾਰਤੀ ਲੋਕਾਂ, ਮਹਿਮਾਨਾਂ ਤੇ ਵਿਦਿਆਰਥੀਆਂ ਤੱਕ ਸੀਮਿਤ ਨਹੀਂ ਹੋਵੇਗੀ, ਜੋ ਕੋਰੋਨਾ ਮਹਾਂਮਾਰੀ ਕਾਰਨ ਦੂਜੇ ਦੇਸ਼ਾਂ ਵਿੱਚ ਫਸੇ ਹਨ, ਇਸ ਵਿਚ ਉਹ ਭਾਰਤੀ ਵੀ ਹੋਣਗੇ, ਜਿਹੜੇ ਠੋਸ ‘ਇਨਸਾਨੀ ਕਾਰਨਾਂ’ ਕਰ ਕੇ ਭਾਰਤ ਆਉਣਾ ਚਾਹੁੰਦੇ ਹਨ। ਭਾਰਤ ਦੇ ਵੱਖ ਵੱਖ ਹਵਾਈ ਅੱਡਿਆਂ ਉੱਤੇ ਵਿਸ਼ੇਸ਼ ਉਡਾਣਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਕੇਂਦਰ ਸਰਕਾਰ ਇਹ ਵੀ ਸੋਚ ਰਹੀ ਹੈ ਕਿ ਰਾਜ ਸਰਕਾਰਾਂ ਲਈ ਆਉਣ ਵਾਲੇ ਯਾਤਰੀਆਂ ਨੂੰ ਵੱਖ-ਵੱਖ ਭੇਜਣਾ ਸੌਖਾ ਹੋਵੇ। ਵਿਦੇਸ਼ ਤੋਂ ਭਾਰਤੀ ਨਾਗਰਿਕਾਂ ਨੂੰ ਲਿਆਉਣ ਲਈ ਹਵਾਈ ਉਡਾਣਾਂ ਨਾਲ ਸਮੁੰਦਰੀ ਜਹਾਜ਼ਾਂ ਦੀ ਵਰਤੋਂ ਵੀ ਜਿੱਥੇ ਸੰਭਵ ਹੋਵੇ, ਕੀਤੀ ਜਾਵੇਗੀ। ਇਸ ਬਾਰੇ ਰਾਜਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਕੇਂਦਰ ਵੱਲੋਂ ਇਹ ਯੋਜਨਾ ਮਨਜ਼ੂਰ ਹੁੰਦੇ ਸਾਰ ਇਸ ਨੂੰ ਲਾਗੂ ਕਰ ਦਿੱਤਾ ਜਾਵੇਗਾ। ਵਰਨਣ ਯੋਗ ਹੈ ਕਿ ਇਹ ਪਹਿਲਾ ਮੌਕਾ ਨਹੀਂ, ਜਦੋਂ ਵਿਦੇਸ਼ ਮੰਤਰਾਲੇ ਨੇ ਭਾਰਤੀ ਨਾਗਰਿਕਾਂ ਨੂੰ ਦੂਸਰੇ ਦੇਸ਼ਾਂ ਤੋਂ ਲਿਆਉਣ ਦੀ ਯੋਜਨਾ ਬਣਾਈ ਹੈ। ਕੇਰਲਾ, ਪੰਜਾਬ, ਗੋਆ, ਰਾਜਸਥਾਨ, ਤੇਲੰਗਾਨਾ ਅਤੇ ਤਾਮਿਲ ਨਾਡੂ ਆਦਿ ਰਾਜਾਂ ਦੇ ਵੱਡੀ ਗਿਣਤੀ ਲੋਕ ਵਿਦੇਸ਼ਾਂ ਵਿਚ ਹਨ। ਇਨ੍ਹਾਂ ਰਾਜਾਂ ਨੇ ਕਿਹਾ ਹੈ ਕਿ ਭਾਰਤੀ ਨਾਗਰਿਕਾਂ ਦੀ ਵਾਪਸੀ ਦਾ ਕੰਮ ਛੇਤੀ ਸ਼ੁਰੂ ਕਰਨਾ ਚਾਹੀਦਾ ਹੈ, ਪਰ ਇਸ ਲਈ ਪ੍ਰੋਟੋਕੋਲ ਦੀ ਪਾਲਣਾ ਵੀ ਹੋਣੀ ਹੈ, ਤਾਂ ਜੋ ਇਨ੍ਹਾਂ ਦਾ ਦੇਸ਼ ਵਿਚ ਸੁਰੱਖਿਅਤ ਦਾਖਲਾ ਹੋ ਸਕੇ। ਇਸ ਦੌਰਾਨ ਕੁਆਰੰਟੀਨ ਤੇ ਸੈਲਫ ਆਈਸੋਲੇਸ਼ਨ ਦਾ ਕੰਮ ਗੰਭੀਰਤਾ ਨਾਲ ਹੋਣਾ ਚਾਹੀਦਾ ਹੈ। ਯੋਜਨਾ ਸਿਰਫ ਵਿਦੇਸ਼ਾਂ ਵਿੱਚ ਫਸੇ ਹੋਏ ਭਾਰਤੀਆਂ ਨੂੰ ਏਥੇ ਲਿਆਉਣ ਦੀ ਹੈ, ਜਿਨ੍ਹਾਂ ਕੋਲ ਘਰ ਮੁੜਨ ਤੋਂ ਸਿਵਾ ਚਾਰਾ ਨਹੀਂ ਹੈ। ਇਸ ਮੌਕੇ ਉਨ੍ਹਾਂ ਭਾਰਤੀਆਂ ਦੀ ਮੰਗ ਉੱਤੇ ਵੀ ਵਿਚਾਰ ਕੀਤਾ ਜਾਵੇਗਾ, ਜਿਹੜੇ ਮੌਤ, ਗੰਭੀਰ ਬਿਮਾਰੀ ਆਦਿ ਮਨੁੱਖੀ ਆਧਾਰ ਉੱਤੇ ਆਉਣਾ ਚਾਹੁੰਦੇ ਹਨ। ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ ਨੂੰ ਉਨ੍ਹਾਂ ਲੋਕਾਂ ਦੀ ਸੂਚੀ ਤਿਆਰ ਰੱਖਣ ਤੇ ਆਪਣੇ ਸਟੇਸ਼ਨਾਂ ਤੋਂ ਉਡਾਣਾਂ ਦੇ ਅਧਾਰ ਉੱਤੇ ਭਾਰਤੀ ਲੋਕਾਂ ਨੂੰ ਵਾਪਸ ਲਿਆਉਣ ਦੇ ਕੰਮ ਨੂੰ ਪਹਿਲ ਦੇਣ ਨੂੰ ਕਿਹਾ ਗਿਆ ਹੈ।

# ਪੰਜਾਬ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਗਿਣਤੀ 322 ਹੋਈ

## * ਜਲੰਧਰ ਵਿੱਚ 9 ਨਵੇਂ ਕੇਸ ਮਿਲਣ ਨਾਲ ਚਿੰਤਾ ਵਧੀ

ਚੰਡੀਗੜ੍ਹ, 26 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਦੀ ਮਹਾਮਾਰੀ ਦਾ ਕਹਿਰ ਰੁਕ ਨਹੀਂ ਰਿਹਾ। ਜਲੰਧਰ ਵਿਚ ਅੱਜ ਸ਼ਾਮ ਕੋਰੋਨਾ ਦੇ 9 ਨਵੇਂ ਕੇਸ ਆਉਣ ਨਾਲ ਸਾਰੇ ਰਾਜ ਵਿਚ ਪੀੜਤ ਲੋਕਾਂ ਦੀ ਗਿਣਤੀ 322 ਅਤੇ ਮੌਤਾਂ ਦੀ ਗਿਣਤੀ 18 ਹੋ ਗਈ ਹੈ, ਜਿਸ ਕਾਰਨ ਹਰ ਪਾਸੇ ਚਿੰਤਾ ਮਹਿਸੂਸ ਕੀਤੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਸ਼ਨਿਚਰਵਾਰ ਨੂੰ ਜਲੰਧਰ ਦੇ ਬਸਤੀ ਗੁਜ਼ਾਂ ਇਲਾਕੇ ਦੇ ਨਿਊ ਗੋਬਿੰਦ ਨਗਰ ਦੇ ਸਹਿਦੇਵ ਸਿੰਘ (48 ਸਾਲ) ਦੀ ਮੌਤ ਹੋ ਗਈ ਸੀ। ਅੱਜ ਐਤਵਾਰ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਉਸ ਦੀ ਰਿਪੋਰਟ ਵੀ ਪਾਜ਼ਿਟਿਵ ਆਈ ਹੈ। ਉਹ ਪਿੱਛੋਂ ਮਹਾਰਾਸ਼ਟਰ ਦਾ ਰਹਿਣ ਵਾਲਾ ਸੀ ਅਤੇ ਇੱਥੇ ਇਕੱਲਾ ਰਹਿੰਦਾ ਸੀ। ਜਲੰਧਰ ਵਿਚ ਇਸ ਮੌਤ ਦੇ ਬਾਅਦ ਐਤਵਾਰ ਨੂੰ ਏਥੇ ਨੌਂ ਹੋਰ ਲੋਕ ਪਾਜ਼ਿਟਿਵ ਮਿਲੇ ਹਨ। ਇਨ੍ਹਾਂ ਵਿਚ ਇਕ ਨਿੱਜੀ ਮੀਡੀਆ ਅਦਾਰੇ ਦਾ ਮੁਲਾਜ਼ਮ, ਉਸ ਦੇ ਪਰਿਵਾਰ ਦੇ ਛੇ ਜੀਅ ਤੇ ਦੋ ਹੋਰ ਲੋਕ ਹਨ। ਇਸ ਦੇ ਨਾਲ ਪੰਜਾਬ ਵਿਚ ਕੁਲ ਕੇਸਾਂ ਦੀ ਗਿਣਤੀ 322 ਹੋ ਗਈ ਹੈ, ਜਿਨ੍ਹਾਂ ਵਿਚੋਂ 18 ਦੀ ਮੌਤ ਹੋ ਗਈ ਅਤੇ 84 ਠੀਕ ਹੋ ਗਏ ਹਨ।

ਰਾਜ ਦੇ ਕੰਟਰੋਲ ਰੂਮ ਤੋਂ ਮਿਲੀ ਸੂਚਨਾ ਮੁਤਾਬਕ ਐਤਵਾਰ ਸ਼ਾਮ ਤੱਕ ਜਲੰਧਰ ਤੋਂ 78 ਕੇਸ 3 ਮੌਤਾਂ, ਮੋਹਾਲੀ ਤੋਂ 63 ਕੇਸ 2 ਮੌਤਾਂ, ਪਟਿਆਲਾ ਤੋਂ 61 ਕੇਸ, ਪਰ ਮੌਤ ਕੋਈ ਨਹੀਂ, ਪਠਾਨਕੋਟ ਤੋਂ 25 ਕੇਸ 1 ਮੌਤ, ਨਵਾਂ ਸ਼ਹਿਰ ਤੋਂ 20 ਕੇਸ 1 ਮੌਤ, ਲੁਧਿਆਣਾ ਤੋਂ 17 ਕੇਸ 4 ਮੌਤਾਂ, ਅੰਮ੍ਰਿਤਸਰ ਤੋਂ 14 ਕੇਸ 2 ਮੌਤਾਂ, ਹੁਸ਼ਿਆਰਪੁਰ ਵਿੱਚ 7 ਕੇਸ 1 ਮੌਤ, ਰੂਪਨਗਰ ਤੋਂ 3 ਕੇਸ 1 ਮੌਤ, ਕਪੂਰਥਲਾ ਤੋਂ 3 ਕੇਸ 1 ਮੌਤ, ਬਰਨਾਲਾ ਤੋਂ 2 ਕੇਸ 1 ਮੌਤ, ਗੁਰਦਾਸਪੁਰ ਵਿੱਚ 2 ਕੇਸ 1 ਮੌਤ ਹੋਣ ਦੀ ਖਬਰ ਹੈ। ਮਾਨਸਾ ਵਿੱਚ 13 ਕੇਸ, ਮੋਗਾ 4, ਫ਼ਰੀਦਕੋਟ 3, ਸੰਗਰੂਰ 3, ਫ਼ਤਹਿਗੜ੍ਹ ਸਾਹਿਬ 2, ਮੁਕਤਸਰ 1 ਤੇ ਫਿਰੋਜ਼ਪੁਰ ਵਿੱਚ ਅੱਜ ਤੱਕ 1 ਕੇਸ ਹੈ, ਪਰ ਇਨ੍ਹਾਂ ਵਿੱਚ ਕੋਈ ਮੌਤ ਹੋਣ ਤੋਂ ਅਜੇ ਤੀਕ ਬਚਾਅ ਹੈ।

# ਦੁਨੀਆਂ ਭਰ ਵਿੱਚ ਕੋਰੋਨਾ ਦੇ ਕਾਰਨ ਮੌਤਾਂ ਅਤੇ ਕੇਸਾਂ ਦਾ ਵਧਣਾ ਲਗਾਤਾਰ ਜਾਰੀ


ਵਾਸ਼ਿੰਗਟਨ, 27 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨਾਲ ਦੁਨੀਆ ਵਿੱਚ ਮਰਨ ਵਾਲਿਆਂ ਦੀ ਗਿਣਤੀ ਭਾਰਤ ਦੀ ਸੋਮਵਾਰ ਸਵੇਰ ਹੋਣ ਤੱਕ 2,06,883 ਤੇ ਕੁੱਲ ਕੇਸਾਂ ਦੀ ਗਿਣਤੀ 29,92,639 ਹੋ ਚੁੱਕੀ ਹੈ। ਇਸ ਦੌਰਾਨ 8,77,254 ਲੋਕ ਇਲਾਜ ਕਾਰਨ ਠੀਕ ਵੀ ਹੋ ਚੁੱਕੇ ਹਨ। ਦੁਨੀਆ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਸਭ ਤੋਂ ਵੱਧ ਪ੍ਰਭਾਵਤ ਅਮਰੀਕਾ ਵਿੱਚ ਭਾਰਤ ਦੀ ਸੋਮਵਾਰ ਸਵੇਰ ਹੋਣ ਤੱਕ ਵਰਲਡਮੀਟਰ ਦੇ ਅਨੁਸਾਰ 55,396 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਇਕੱਲੇ ਨਿਊ ਯਾਰਕ ਸਟੇਟ ਵਿੱਚ 22,275 ਲੋਕ ਮਾਰੇ ਗਏ ਹਨ। ਇਟਲੀ ਵਿੱਚ ਇਸ ਦੌਰਾਨ 26,644 ਮੌਤਾਂ ਹੋਈਆਂ ਹਨ ਅਤੇ ਸਪੇਨ ਵਿੱਚ ਮੌਤਾਂ ਦੀ ਗਿਣਤੀ 23,190 ਦੱਸੀ ਗਈ ਹੈ। ਫਰਾਂਸ ਵਿੱਚ 22,856 ਤੇ ਬ੍ਰਿਟੇਨ ਵਿੱਚ 20,732 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਾਕਿ-ਸਤਾਨ ਵਿੱਚ ਕੁੱਲ ਕੇਸ 13,328 ਅਤੇ ਮੌਤਾਂ ਦੀ ਗਿਣਤੀ 281 ਦੱਸੀ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION
WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਦਿੱਲੀ ਦੇ ਸਰਕਾਰੀ ਹਸਪਤਾਲ ਦੇ 11 ਡਾਕਟਰਾਂ ਸਮੇਤ 31 ਸਿਹਤ ਮੁਲਾਜ਼ਮ ਕੋਰੋਨਾ ਪਾਜ਼ੀਟਿਵ




ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਬਾਬੂ ਜਗਜੀਵਨ ਰਾਮ ਹਸਪਤਾਲ ਵਿੱਚ 11 ਡਾਕਟਰਾਂ ਸਮੇਤ 31 ਸਿਹਤ ਮੁਲਾਜ਼ਮ ਕੋਰੋਨਾ ਪਾਜ਼ੀਟਿਵ ਪਾਏ ਗਏ ਹਨ। ਇਸ ਸਰਕਾਰੀ ਹਸਪਤਾਲ ਦੇ ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਇਨਫੈਕਟਿਡ ਡਾਕਟਰਾਂ ਅਤੇ ਬਾਕੀ ਮੁਲਾਜ਼ਮਾਂ ਨੂੰ ਐੱਲ ਐੱਨ ਜੇ ਪੀ ਹਸਪਤਾਲ, ਰਾਜੀਵ ਗਾਂਧੀ ਸੁਪਰ ਸਪੈਸ਼ਲਿਟੀ ਹਸਪਤਾਲ ਅਤੇ ਕੁਝ ਨੂੰ ਨਿੱਜੀ ਹਸਪਤਾਲਾਂ ਵਿੱਚ ਭਰਤੀ ਕਰਾਇਆ ਗਿਆ ਹੈ। ਇਨ੍ਹਾਂ ਦੇ ਸੰਪਰਕ ਵਿੱਚ ਆਏ ਲੋਕਾਂ ਨੂੰ ਵੀ ਆਈਸੋਲੇਸ਼ਨ ਵਿੱਚ ਭੇਜਿਆ ਗਿਆ ਹੈ।

ਦੂਸਰੇ ਪਾਸੇ ਰੇਲਵੇ ਸੁਰੱਖਿਆ ਬਲ (ਆਰ ਪੀ ਐੱਫ) ਦੇ ਨੌਂ ਜਵਾਨ ਕੋਰੋਨਾ ਤੋਂ ਪ੍ਰਭਾਵਤ ਹਨ। ਅਧਿਕਾਰੀਆਂ ਦੇ ਮੁਤਾਬਕ 14 ਅਪ੍ਰੈਲ ਨੂੰ 28 ਜਵਾਨ ਦਿੱਲੀ ਤੋਂ ਪਾਰਸਲ ਟਰੇਨ ਵਿੱਚ ਹਥਿਆਰ ਅਤੇ ਹੋਰ ਸਮਾਨਾਂ ਦੀ ਖੇਪ ਲੈ ਕੇ ਪੱਛਮੀ ਬੰਗਾਲ ਗਏ ਸਨ। ਇਨ੍ਹਾਂ ਵਿੱਚੋਂ ਇੱਕ ਜਵਾਨ ਵਿੱਚ ਕੋਰੋਨਾ ਵਾਇਰਸ ਦੇ ਲੱਛਣ ਦਿਖਾਈ ਦਿੱਤੇ ਸਨ। ਇਸ 'ਤੇ ਸਾਰੇ 28 ਜਵਾਨਾਂ ਨੂੰ ਟੈਸਟ ਲਈ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚੋਂ ਨੌਂ ਜਵਾਨਾਂ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਪਾਈ ਗਈ। ਕੁਝ ਜਵਾਨਾਂ ਦੀ ਰਿਪੋਰਟ ਆਉਣੀ ਬਾਕੀ ਹੈ। ਇਹ ਜਵਾਨ ਆਈਸੋਲੇਸ਼ਨ ਵਿੱਚ ਹਨ।

ਓਧਰ ਦਿੱਲੀ ਸਰਕਾਰ ਦੇ ਲੋਕਨਾਇਕ ਜੈਪ੍ਰਕਾਸ਼ (ਐੱਲ ਐੱਨ ਜੇ ਪੀ) ਹਸਪਤਾਲ ਵਿੱਚ ਕੋਰੋਨਾ ਦੇ ਚਾਰ ਮਰੀਜ਼ਾਂ ਨੂੰ ਪਲਾਜ਼ਮਾ ਥੈਰੇਪੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ ਤਿੰਨ ਬਜ਼ੁਰਗ ਹਨ ਅਤੇ ਇੱਕ ਦੀ ਉਮਰ 35 ਸਾਲ ਤੋਂ ਘੱਟ ਹੈ। ਹਸਪਤਾਲ ਦੇ ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਇਹ ਹਸਪਤਾਲ ਕੋਰੋਨਾ ਮਰੀਜ਼ਾਂ ਦੇ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਹੈ।

# ਮਹਾਰਾਸ਼ਟਰ ਵਿੱਚ ਕੋਰੋਨਾ ਕਹਿਰ ਹੋਰ ਵਧਿਆ, ਇੱਕੋ ਦਿਨ ਵਿੱਚ 440 ਨਵੇਂ ਕੇਸ, 19 ਮੌਤਾਂ

*** ਦਿਲੀ ਵਿਚ ਇਕੋ ਦਿਨ ਵਿਚ 293 ਨਵੇਂ ਕੇਸ ਪਤਾ ਲੱਗੇ**



ਨਵੀਂ ਦਿੱਲੀ, 26 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦਾ ਸੰਕਟ ਹਾਲੇ ਕਾਬੂ ਨਹੀਂ ਆ ਰਿਹਾ ਤੇ ਮਹਾਰਾਸ਼ਟਰ ਵਰਗੇ ਰਾਜ ਵਿੱਚ ਸਮੱਸਿਆ ਲਗਾਤਾਰ ਵਧੀ ਜਾ ਰਹੀ ਹੈ। ਕੇਂਦਰ ਦੇ ਸਿਹਤ ਮੰਤਰਾਲੇ ਮੁਤਾਬਕ ਦੇਸ਼ ਵਿਚ ਕੋਰੋਨਾ ਦੇ ਕੇਸਾਂ ਦੀ ਗਿਣਤੀ 26,917 ਹੋ ਗਈ ਹੈ, ਇਸ ਵਿਚੋਂ 5914 ਲੋਕ ਇਲਾਜ ਤੋਂ ਬਾਅਦ ਠੀਕ ਹੋ ਚੁੱਕੇ ਹਨ ਤੇ ਇਸ ਦੌਰਾਨ ਸਾਰੇ ਦੇਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 826 ਹੋ ਗਈ ਹੈ।

ਮਹਾਰਾਸ਼ਟਰ ਵਿੱਚ ਤੇ ਖਾਸ ਕਰ ਇਸ ਦੇ ਮੁੰਬਈ ਸ਼ਹਿਰ ਅਤੇ ਗੁਜਰਾਤ ਵਿਚ ਹਾਲਾਤ ਵਿਗੜਦੇ ਜਾ ਰਹੇ ਹਨ। ਇਨ੍ਹਾਂ ਵਿਚੋਂ ਮਹਾਰਾਸ਼ਟਰ ਵਿਚ 8,068 ਲੋਕ ਕੋਰੋਨਾ ਵਾਇਰਸ ਦੇ ਪੀੜਤ ਹੋ ਚੁੱਕੇ ਹਨ। ਇਸ ਦੀ ਰਾਜਧਾਨੀ ਮੁੰਬਈ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਵਧ ਕੇ 5407 ਹੋ ਗਈ ਹੈ ਅਤੇ ਅੱਜ ਤਕ 204 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ ਸਾਰੇ ਰਾਜ ਵਿੱਚ ਮੌਤਾਂ ਦੀ ਗਿਣਤੀ 323 ਹੋ ਚੁੱਕੀ ਹੈ। ਗੁਜਰਾਤ ਵਿੱਚ ਕੇਸਾਂ ਦੀ ਗਿਣਤੀ 3071 ਹੋ ਗਈ ਅਤੇ 133 ਲੋਕਾਂ ਦੀ ਕੋਰੋਨਾ ਨਾਲ ਮੌਤ ਹੋ ਚੁੱਕੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਵਧ ਕੇ 2,918 ਹੋ ਗਈ ਹੈ, ਜਿੱਥੇ ਅੱਜ ਤੱਕ 54 ਲੋਕਾਂ ਦੀ ਮੌਤ ਹੋਈ ਹੈ। ਰਾਜਸਥਾਨ ਵਿੱਚ ਕੇਸਾਂ ਦੀ ਗਿਣਤੀ 2152 ਹੋ ਗਈ ਤੇ 36 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੱਧ ਪ੍ਰਦੇਸ਼ ਵਿੱਚ ਐਤਵਾਰ ਸ਼ਾਮ ਤੱਕ ਕੁੱਲ ਕੇਸ 2096 ਤੇ ਮੌਤਾਂ ਦੀ ਗਿਣਤੀ 99 ਹੋ ਚੁੱਕੀ ਹੈ। ਏਥੇ ਇਕੱਲੇ ਇੰਦੌਰ ਸ਼ਹਿਰ ਵਿਚ ਕੇਸਾਂ ਦੀ ਗਿਣਤੀ ਵੱਧ ਕੇ 1176 ਹੋ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਮੌਤਾਂ ਦੀ ਗਿਣਤੀ 29, ਆਂਧਰਾ ਪ੍ਰਦੇਸ਼ ਵਿੱਚ 31, ਤੇਲੰਗਾਨਾ ਵਿੱਚ 26, ਤਾਮਿਲ ਨਾਡੂ ਵਿੱਚ 23, ਪੱਛਮੀ ਬੰਗਾਲ ਵਿੱਚ 18 ਹੋ ਚੁੱਕੀ ਹੈ ਅਤੇ ਕੇਸਾਂ ਦੀ ਗਿਣਤੀ ਵੀ ਲਗਾਤਾਰ ਵਧੀ ਜਾ ਰਹੀ ਹੈ।

# ਫਿਕਸਡ ਚਾਰਜਿਜ਼ ਮੁਆਫ ਕਰਨ ਪਿੱਛੋਂ ਇੰਡਸਟਰੀ ਨੂੰ ਜ਼ੀਰੋ ਬਿੱਲ ਆਏ

ਜਲੰਧਰ, 26 ਅਪ੍ਰੈਲ (ਪੋਸਟ ਬਿਊਰੋ)- ਲਾਕਡਾਊਨ ਪੀਰੀਅਡ ਦੇ ਕਾਰਨ ਲਗਭਗ ਛੇ ਦਹਾਕੇ ਬਾਅਦ ਪਹਿਲੀ ਵਾਰ ਪੰਜਾਬ ਵਿੱਚ ਇੰਡਸਟਰੀ ਨੂੰ ਜ਼ੀਰੋ ਅਮਾਊਂਟ ਦੇ ਬਿੱਲ ਆਉਣੇ ਸ਼ੁਰੂ ਹੋਏ ਹਨ। ਜਦੋਂ ਜ਼ੀਰੋ ਅਮਾਊਂਟ ਦੇ ਬਿੱਲ ਦੇ ਮੈਸੇਜ ਇੰਡਸਟਰੀ ਨੂੰ ਮਿਲਣੇ ਸ਼ੁਰੂ ਹੋਏ ਤਾਂ ਪੂਰੀ ਜਾਣਕਾਰੀ ਨਾ ਹੋਣ ਕਾਰਨ ਚਰਚਾ ਸ਼ੁਰੂ ਹੋ ਗਈ ਕਿ ਜਿਨ੍ਹਾਂ ਲੋਕਾਂ ਨੇ ਐਡਵਾਂਸ ਮੀਟਰ ਸਕਿਓਰਿਟੀ ਜਮ੍ਹਾ ਕਰਾਈ ਹੈ, ਉਸ ਦੇ ਵਿਆਜ ਵਿੱਚ ਬਿਜਲੀ ਦੇ ਬਿੱਲ ਦੀ ਰਕਮ ਐਡਜਸਟ ਹੋ ਗਈ ਹੈ, ਪਰ ਜਲੰਧਰ ਸਰਕਲ ਦੇ ਡਿਪਟੀ ਚੀਫ ਇੰਜੀਨੀਅਰ ਹਰਿੰਦਰ ਸਿੰਘ ਬੰਸਲ ਨੇ ਸਾਫ ਕੀਤਾ ਹੈ ਕਿ ਇੰਡਸਟਰੀ ਦੇ ਫਿਕਸ ਚਾਰਜਿਜ਼ ਦੋ ਮਹੀਨੇ ਦੇ ਲਈ ਮੁਆਫ ਕੀਤੇ ਜਾਣ ਕਾਰਨ ਜ਼ੀਰੋ ਅਮਾਊਂਟ ਦੇ ਬਿੱਲ ਡਿਲੀਵਰ ਹੋਏ ਹਨ।

ਅਸਲ ਵਿੱਚ ਮੀਡੀਅਮ ਅਤੇ ਲਾਰਜ ਸਪਲਾਈ ਕੈਟੇਗਰੀ ਦੇ ਬਿਜਲੀ ਕੁਨੈਕਸ਼ਨ ਵਰਤ ਰਹੇ ਇੰਡਸਟਰੀ ਮਾਲਕਾਂ ਲਈ 35 ਦਿਨ ਪਹਿਲਾਂ ਲਾਕਡਾਊਨ ਦੀ ਸਥਿਤੀ ਆਉਣ 'ਤੇ ਸਭ ਤੋਂ ਵੱਡੀ ਚਿੰਤਾ ਸੀ ਕਿ ਜਦ ਫੈਕਟਰੀਆਂ ਵਿੱਚ ਕੰਮ ਨਹੀਂ ਹੋ ਰਿਹਾ ਤਾਂ ਸਰਕਾਰ ਫਿਕਸਡ ਚਾਰਜਿਜ਼ ਕਿਉਂ ਲੈਣਾ ਚਾਹੁੰਦੀ ਹੈ? ਇਸ ਪਿੱਛੋਂ ਸਰਕਾਰ ਨੇ ਫਿਕਸਡ ਚਾਰਜਿਜ਼ ਮੁਆਫ ਕਰਨ ਦਾ ਐਲਾਨ ਕੀਤਾ ਸੀ, ਜਿਸ ਦਾ ਇਸ ਵੇਲੇ ਲਾਭ ਮਿਲ ਰਿਹਾ ਹੈ, ਪਰ ਕਈ ਲੋਕ ਗਲਤ ਬਿੱਲ ਆਉਣ ਦੇ ਸ਼ੱਕ ਤੋਂ ਪ੍ਰੇਸ਼ਾਨ ਹੋ ਗਏ ਅਤੇ ਚਰਚਾ ਛਿੜ ਗਈ ਕਿ ਜੋ ਐਡਵਾਂਸ ਸਕਿਓਰਿਟੀ ਦੀ ਰਕਮ ਜਮ੍ਹਾ ਕਰਵਾਈ ਗਈ ਹੈ ਉਸ ਦੇ ਵਿਆਜ ਵਿੱਚੋਂ ਬੰਦ ਫੈਕਟਰੀ ਦੇ ਕੁਨੈਕਸ਼ਨ ਦੇ ਜੋ ਘੱਟੋ-ਘੱਟ ਪੈਸੇ ਕੱਟੇ ਗਏ ਹਨ।

ਵਰਨਣ ਯੋਗ ਹੈ ਕਿ ਜਿਸ ਇੰਡਸਟਰੀ ਦਾ ਮਹੀਨੇ ਦਾ ਕਰੀਬ 25,00,000 ਦਾ ਬਿਜਲੀ ਰੁਪਏ ਬਿੱਲ ਆਉਂਦਾ ਸੀ, ਉਹ ਹਰ ਮਹੀਨੇ ਕਰੀਬ 4,00,000 ਫਿਕਸ ਚਾਰਜ ਦੇ ਰਹੀ ਸੀ। ਜਲੰਧਰ ਸਰਕਲ ਦੇ ਹੈੱਡ ਹਰਿੰਦਰ ਸਿੰਘ ਬੰਸਲ ਨੇ ਦੱਸਿਆ ਕਿ ਇੰਡਸਟਰੀ ਦਾ ਬਿਜਲੀ ਬਿੱਲ ਟੂ ਪਾਰਟ ਟੈਰਿਫ ਦੇ ਆਧਾਰ 'ਤੇ ਬਣਦਾ ਹੈ। ਇਸ ਵਿੱਚ ਪਹਿਲਾ ਪਾਰਟ ਫਿਕਸ ਚਾਰਜਿਜ਼ ਦਾ ਹੁੰਦਾ ਹੈ, ਜਿਸ ਦੇ ਤਹਿਤ ਪਾਵਰ ਕਾਮ ਬਿਜਲੀ ਲਾਈਨਾਂ ਦੇ ਰੱਖ ਰਖਾਅ ਅਤੇ ਬਾਕੀ ਖਰਚੇ ਲੈਂਦਾ ਹੈ। ਦੂਸਰਾ ਹਿੱਸਾ ਐਨਰਜੀ ਚਾਰਿਜ਼ ਦਾ ਹੁੰਦਾ ਹੈ। ਜੋ ਫੈਕਟਰੀਆਂ ਬੰਦ ਰਹੀਆਂ ਸਨ, ਉਨ੍ਹਾਂ ਦੇ ਫਿਕਸ ਚਾਰਜਿਜ਼ ਮੁਆਫ ਕੀਤੇ ਗਏ ਹਨ ਤੇ ਖਪਤ ਜ਼ੀਰੋ ਰਹੀ ਹੈ। ਪਾਵਰਕਾਮ ਨੇ ਹਰ ਤਰ੍ਹਾਂ ਦੇ ਬਿਜਲੀ ਖਪਤਕਾਰਾਂ ਲਈ ਮੈਨੁਅਲ ਬਿੱਲ ਜਮ੍ਹਾ ਕਰਾਉਣ ਅਤੇ ਚੈੱਕ ਨਾਲ ਪੈਮੇਂਟ ਦਾ ਪ੍ਰਬੰਧ ਕੀਤਾ ਹੈ। ਲਾਕਡਾਊਨ ਦੇ ਕਾਰਨ ਕੈਸ਼ ਕਾਊਂਟਰ ਅਤੇ ਮਸ਼ੀਨਾਂ ਬੰਦ ਹਨ, ਪਰ ਪਾਵਰਕਾਮ ਦੇ ਦਫਤਰਾਂ ਵਿੱਚ ਚੈੱਕ ਡਰਾਪ ਬਾਕਸ ਦੀ ਵਰਤੋਂ ਖਪਤਕਾਰ ਕਰ ਸਕਦੇ ਹਨ।

ਇੰਜੀਨੀਅਰ ਬੰਸਲ ਨੇ ਦੱਸਿਆ ਕਿ ਰੋਜ਼ ਚੈਕ ਡਰਾਪ ਬਾਕਸ ਖਾਲੀ ਕੀਤੇ ਜਾਂਦੇ ਹਨ। ਇਨ੍ਹਾਂ ਦੇ ਚੈਕ ਬੈਂਕ ਵਿੱਚ ਜਮ੍ਹਾ ਹੁੰਦੇ ਹਨ। ਇਸ ਦੇ ਇਲਾਵਾ ਪਾਵਰਕਾਮ ਨੇ ਪਹਿਲਾਂ ਹੀ ਤੀਹ ਅਪ੍ਰੈਲ ਤੋਂ ਪਹਿਲਾਂ ਆਪਣੇ ਬਿਜਲੀ ਬਿੱਲ ਦੀ ਰਕਮ ਆਨਲਾਈਨ ਜਮ੍ਹਾ ਕਰਾਉਣ 'ਤੇ ਇੱਕ ਫੀਸਦੀ ਛੋਟ ਦੀ ਸਹੂਲਤ ਦਿੱਤੀ ਹੈ। ਜੇ ਕੋਈ ਖਪਤਕਾਰ ਆਪਣੇ ਬਿੱਲ ਦੀ ਰਕਮ ਦਾ ਇੱਕ ਹਿਸਾ ਤੀਹ ਅਪ੍ਰੈਲ ਤੋਂ ਪਹਿਲਾਂ ਜਮ੍ਹਾ ਕਰਦਾ ਹੈ ਤਾਂ ਰਿਬੇਟ ਮਿਲੇਗੀ। ਉਂਝ 10 ਮਈ ਤੱਕ ਬਿਜਲੀ ਦੇ ਬਿੱਲ ਜਮ੍ਹਾ ਹੋ ਸਕਦੇ ਹਨ। ਰਿਬੇਟ ਦੀ ਰਕਮ ਆਉਣ ਵਾਲੇ ਬਿੱਲ ਵਿੱਚ ਐਡਜਸਟ ਕਰ ਦਿੱਤੀ ਜਾਂਦੀ ਹੈ।

# ਸੈਨੇਟਾਈਜ਼ਰ ਵਾਲੇ ਬਿਆਨ ਪਿੱਛੋਂ ਟਰੰਪ ਨੇ ਕਿਹਾ, 'ਪ੍ਰੈੱਸ ਮੇਰਾ ਸਮਾਂ ਬਰਬਾਦ ਕਰਦੀ ਹੈ'

ਵਾਸ਼ਿੰਗਟਨ, 26 ਅਪਰੈਲ, (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਕੋਰੋਨਾ ਵਾਇਰਸ ਦੇ ਵਿਸ਼ੇ ਉੱਤੇ ਹੁੰਦੀ ਰੈਗੂਲਰ ਪ੍ਰੈੱਸ ਕਾਨਫਰੰਸ ਉਨ੍ਹਾਂ ਦੇ ਸਮੇਂ ਅਤੇ ਯਤਨਾਂ ਦੀ ਬਰਬਾਦੀ ਕਰਨ ਵਾਲੀ ਹੈ, ਕਿਉਂਕਿ ਇਸ ਵਿੱਚ ਆਏ ਰਿਵਾਇਤੀ ਮੀਡੀਆ ਵਾਲੇ ਉਨ੍ਹਾਂ ਤੋਂ ਸਿਰਫ ਅਣ-ਉਚਿਤ ਸਵਾਲ ਕਰਦੇ ਹਨ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦਾ ਬਿਆਨ ਓਦੋਂ ਆਇਆ ਹੈ, ਜਦ ਕੁਝ ਦਿਨ ਪਹਿਲਾਂ ਅਲਟਰਾ ਵਾਇਲੇਟ ਕਿਰਨਾਂ ਜਾਂ ਇੰਜੈਕਸ਼ਨ ਨਾਲ ਸੈਨੇਟਾਈਜ਼ਰ ਦੇ ਕੇ ਕੋਰੋਨਾ ਦੇ ਪੀੜਤਾਂ ਦੇ ਇਲਾਜ ਦੀ ਸੰਭਾਵਨਾ ਵਾਲੀ ਸਲਾਹ ਦੇਣ ਉੱਤੇ ਉਨ੍ਹਾਂ ਨੂੰ ਸਖਤ ਨਿੰਦਾ ਦਾ ਸਾਹਮਣਾ ਕਰਨਾ ਪਿਆ ਸੀ। ਇਸ ਬਾਰੇ ਸਿਹਤ ਮਾਹਿਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਹ ਖਤਰਨਾਕ ਸਲਾਹ ਨਾ ਮੰਨਣ ਲਈ ਲੋਕਾਂ ਨੂੰ ਕਿਹਾ ਸੀ। ਇਕ ਮਹੀਨੇ ਤੋਂ ਵੱਧ ਸਮਾਂ ਕੋਰੋਨਾ ਬਾਰੇ ਲਗਾਤਾਰ ਪ੍ਰੈੱਸ ਕਾਨਫਰੰਸ ਕਰਨ ਪਿੱਛੋਂ ਟਰੰਪ ਸ਼ਨੀਵਾਰ ਨੂੰ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਵਾਈਟ ਹਾਊਸ ਇਹ ਪ੍ਰੈੱਸ ਕਾਨਫਰੰਸਾਂ ਰੋਕਣ ਬਾਰੇ ਸੋਚ ਰਿਹਾ ਹੈ। ਉਨ੍ਹਾਂ ਕਰੀਬ 45 ਮਿੰਟ ਬਾਅਦ ਟਵਿੱਟਰ ਉੱਤੇ ਆਪਣੀਆਂ ਕਾਨਫਰੰਸਾਂ ਦੇ ਬਾਰੇ ਜ਼ਿਕਰ ਕਰਦਿਆਂ ਲਿਖਿਆ ਕਿ ਵਾਈਟ ਹਾਊਸ ਪ੍ਰੈੱਸ ਕਾਨਫਰੰਸ ਦਾ ਕੀ ਅਰਥ ਹੈ, ਜਦੋਂ ਰਿਵਾਇਤੀ ਮੀਡੀਆ ਸਿਰਫ ਬੇਲੋੜੇ ਸਵਾਲ ਹੀ ਕਰਦਾ ਅਤੇ ਸੱਚਾਈ ਦਿਖਾਉਣ ਜਾਂ ਤੱਥਾਂ ਨੂੰ ਸਾਹਮਣੇ ਰੱਖਣ ਤੋਂ ਇਨਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਮੀਡੀਏ ਨੂੰ ਚੰਗੀ ਰੇਟਿੰਗ ਮਿਲ ਜਾਂਦੀ ਹੈ ਅਤੇ ਅਮਰੀਕੀ ਲੋਕਾਂ ਨੂੰ ਸਿਰਫ ਫਰਜ਼ੀ ਖਬਰਾਂ ਮਿਲਦੀਆਂ ਹਨ।

ਇਸ ਤੋਂ ਪਹਿਲਾਂ ਟਰੰਪ ਨੇ ਸ਼ੁੱਕਰਵਾਰ ਨੂੰ ਇਹ ਆਖ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ ਕਿ ਕੋਰੋਨਾ ਵਾਇਰਸ ਦੇ ਮਰੀਜ਼ਾਂ ਦਾ ਇਲਾਜ ਉਨ੍ਹਾਂ ਦੇ ਸਰੀਰ ਵਿਚ ਸੈਨੇਟਾਈਜ਼ਰ ਦਾ ਇੰਜੈਕਸ਼ਨ ਦੇ ਕੇ ਕੀਤਾ ਜਾ ਸਕਦਾ ਹੈ। ਮੈਡੀਕਲ ਮਾਹਿਰਾਂ ਅਤੇ ਕੀਟਾਣੂ ਨਾਸ਼ਕ ਉਤਪਾਦਕਾਂ ਦੀ ਸਖਤ ਪ੍ਰਤੀਕਿਰਿਆ ਪਿੱਛੋਂ ਟਰੰਪ ਨੇ ਸਫਾਈ ਦਿੱਤੀ ਸੀ ਕਿ ਉਨ੍ਹਾਂ ਨੇ ਮਜ਼ਾਕ ਕੀਤਾ ਸੀ। ਫੂਡ ਐਂਡ ਡਰੱਗ ਐਡਮਨਿਸਟਰੇਲਸ਼ਨ ਦੇ ਸਾਬਕਾ ਚੀਫ ਸਕਾਚ ਗੋਟਿਲੇਬ ਨੇ ਕਿਹਾ ਕਿ ਕਿਸੇ ਵੀ ਹਾਲਾਤ ਕਿਸੇ ਵੀ ਵਿਅਕਤੀ ਨੂੰ ਕੀਟਾਣੂ ਨਾਸ਼ਕ ਨਹੀਂ ਦੇਣਾ ਚਾਹੀਦਾ।

# ਥੁੱਕ ਲਾ ਕੇ ਨੋਟ ਸੁੱਟਦਾ ਪਰਵਾਸੀ ਮਜ਼ਦੂਰ ਫੜਿਆ



ਫਿਲੌਰ, 26 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਬਾਰੇ ਪੈਦਾ ਹੋਈ ਸੰਕਟ ਦੀ ਘੜੀ ਵਿੱਚ ਕੱਲ੍ਹ ਫਿਲੌਰ ਵਿੱਚ ਥੁੱਕ ਲਾ ਕੇ ਸੜਕ 'ਤੇ ਨੋਟ ਸੁੱਟਦੇ ਨੌਜਵਾਨ ਨੂੰ ਦੇਖ ਕੇ ਪੂਰੇ ਇਲਾਕੇ ਵਿੱਚ ਭਾਜੜ ਮੱਚ ਗਈ। ਉਸ ਨੂੰ ਇਹ ਕੰਮ ਕਰਦੇ ਹੋਏ ਉਥੋਂ ਲੰਘ ਰਹੇ ਇੱਕ ਸਕਿਓਰਿਟੀ ਗਾਰਡ ਨੇ ਦੇਖਿਆ ਤਾਂ ਉਸ ਤੋਂ ਸੜਕ 'ਤੇ ਨੋਟ ਸੁੱਟਣ ਦਾ ਕਾਰਨ ਪੁੱਛ ਕੇ ਸੁੱਟੇ ਗਏ ਨੋਟ ਨੂੰ ਚੁੱਕਣ ਲਈ ਕਿਹਾ। ਇਸ ਦੇ ਨਾਲ ਹੀ ਉਸ ਨੇ ਪੁਲਸ ਨੂੰ ਵੀ ਫੋਨ ਕਰ ਦਿੱਤਾ। ਇਸ ਕੇਸ ਦੀ ਗੰਭੀਰਤਾ ਦੇਖਦੇ ਹੋਏ ਐੱਸ ਐੱਚ ਓ ਫਿਲੌਰ ਮੁਖਤਿਆਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਨੌਜਵਾਨ ਨੂੰ ਉਥੇ ਰੋਕ ਕੇ ਮੈਡੀਕਲ ਟੀਮ ਨੂੰ ਸੱਦਿਆ। ਹੈਲਥ ਇੰਸਪੈਕਟਰ ਕੁਲਦੀਪ ਵਰਮਾ ਅਤੇ ਅਵਤਾਰ ਚੰਦ ਮੌਕੇ 'ਤੇ ਪਹੁੰਚੇ। ਥੋੜ੍ਹੀ ਹੀ ਦੇਰ ਵਿੱਚ ਐੱਸ ਐੱਮ ਓ ਫਿਲੌਰ ਡਾਕਟਰ ਅਸ਼ੋਕ ਕੁਮਾਰ ਅਤੇ ਡਾਕਟਰ ਕੁਲਦੀਪ ਰਾਏ ਵੀ ਪਹੁੰਚ ਗਏ। ਇਸ ਪਿੱਛੋਂ ਐਂਬੂਲੈਂਸ ਮੰਗਵਾ ਕੇ ਨੌਜਵਾਨ ਨੂੰ ਪੀ ਪੀ ਈ ਕਿੱਟ ਪਹਿਨਾ ਕੇ ਜਲੰਧਰ ਸਿਵਲ ਹਸਪਤਾਲ ਭੇਜਿਆ ਗਿਆ, ਜਿੱਥੇ ਕੋਵਿਡ 19 ਦੇ ਟੈਸਟ ਨੂੰ ਲੈ ਕੇ ਉਸ ਦਾ ਸੈਂਪਲ ਲਿਆ ਗਿਆ ਹੈ।

ਪੁਲਸ ਦੀ ਸ਼ੁਰੂਆਤੀ ਪੁੱਛਗਿੱਛ ਵਿੱਚ ਨੌਜਵਾਨ ਨੇ ਆਪਣਾ ਨਾਂਅ ਕਨ੍ਹਈਆ ਲਾਲ ਦੱਸਿਆ। ਉਸ ਨੇ ਕਿਹਾ ਕਿ ਉਹ ਫਿਲੌਰ ਵਿੱਚ ਇੱਕ ਬਿਸਕੁਟ ਫੈਕਟਰੀ ਵਿੱਚ ਕੰਮ ਕਰਦਾ ਹੈ। ਉਸ ਨੇ ਆਪਣੇ ਆਪ ਨੂੰ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਦੱਸਿਆ ਅਤੇ ਕਰੀਬ ਡੇਢ ਮਹੀਨੇ ਪਹਿਲਾਂ ਹੀ ਪੰਜਾਬ ਆਇਆ ਸੀ, ਪਰੰਤੂ ਆਪਣਾ ਪੂਰਾ ਪਤਾ ਨਹੀਂ ਦੱਸ ਰਿਹਾ। ਸੜਕ 'ਤੇ ਨੋਟ ਸੁੱਟਣ ਦੇ ਸੰਬੰਧ ਵਿੱਚ ਪੁੱਛਣ 'ਤੇ ਜਵਾਬ ਨਹੀਂ ਦੇ ਸਕਿਆ। ਉਸ ਵੱਲੋਂ ਸੁੱਟੇ ਗਏ ਨੋਟ ਕਬਜ਼ੇ ਵਿੱਚ ਲੈ ਲਏ ਗਏ ਹਨ ਅਤੇ ਜਾਂਚ ਦੇ ਲਈ ਲੈਬ ਵਿੱਚ ਭੇਜੇ ਜਾਣਗੇ। ਹੈਲਥ ਇੰਸਪੈਕਟਰ ਕੁਲਦੀਪ ਵਰਮਾ ਨੇ ਕਿਹਾ ਕਿ ਉਸ ਦਾ ਸੈਂਪਲ ਜਾਂਚ ਦੇ ਲਈ ਭੇਜ ਦਿੱਤਾ ਗਿਆ ਹੈ। ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਜਲੰਧਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵੀ ਇਸੇ ਤਰ੍ਹਾਂ ਸੜਕਾਂ 'ਤੇ ਨੋਟ ਖਿਲਰੇ ਦੇਖ ਕੇ ਸਨਸਨੀ ਫੈਲ ਗਈ ਸੀ।









# ਫਰੰਟਲਾਈਨ ਵਰਕਰਜ਼ ਨੂੰ ਓਨਟਾਰੀਓ ਸਰਕਾਰ ਦੇਵੇਗੀ ਹਰ ਘੰਟੇ ਦੇ ਵਾਧੂ 4 ਡਾਲਰ

...ਪੰਨਾ 1 ਦਾ ਬਾਕੀ

ਜਿਹੜੇ ਵਰਕਰਜ਼ ਤੇ ਕੰਮ ਵਾਲੀਆਂ ਥਾਂਵਾਂ "ਪੈਨਡੈਮਿਕ ਪੇਅਮੈਂਟ" ਲਈ ਯੋਗ ਹੋਣਗੇ ਉਹ ਹੇਠ ਲਿਖੇ ਅਨੁਸਾਰ ਹਨ :

ਯੋਗ ਕੰਮ ਵਾਲੀਆਂ ਥਾਂਵਾਂ :
- ਐਕਿਊਟ ਹਸਪਤਾਲ
- ਲਾਂਗ ਟਰਮ ਕੇਅਰ ਹੋਮਜ਼ (ਇਨ੍ਹਾਂ ਵਿੱਚ ਪ੍ਰਾਈਵੇਟ, ਮਿਊਂਸਪਲ ਤੇ ਗੈਰ ਮੁਨਾਫੇ ਵਾਲੇ ਹੋਮਜ਼ ਸ਼ਾਮਲ ਹਨ)
- ਲਾਇਸੰਸਸ਼ੁਦਾ ਰਿਟਾਇਰਮੈਂਟ ਹੋਮਜ਼
- ਹੋਮ ਅਤੇ ਕਮਿਊਨਿਟੀ ਕੇਅਰ

ਯੋਗ ਵਰਕਰਜ਼:
- ਪਰਸਨਲ ਸਪੋਰਟ ਵਰਕਰਜ਼
- ਰਜਿਸਟਰਡ ਨਰਸਾਂ
- ਰਜਿਸਟਰਡ ਪ੍ਰੈਕਟੀਕਲ ਨਰਸਾਂ
- ਨਰਸ ਪ੍ਰੈਕਟਿਸ਼ਨਰਜ਼
- ਅਟੈਂਡੈਂਟ ਕੇਅਰ ਵਰਕਰਜ਼
- ਆਗਜ਼ਿਲਰੀ ਸਟਾਫ, ਜਿਨ੍ਹਾਂ ਵਿੱਚ ਪੋਰਟਰਜ਼, ਕੁੱਕ, ਕਸਟੋਡੀਅਨ, ਹਾਊਸਕੀਪਿੰਗ, ਲਾਂਡਰੀ ਫੈਸਿਲਿਟੀ ਤੇ ਹੋਰ ਅਹਿਮ ਵਰਕਰਜ਼ ਸ਼ਾਮਲ ਹਨ
- ਡਿਵੈਲਪਮੈਂਟ ਸਰਵਿਸਿਜ਼ ਵਰਕਰਜ਼
- ਮੈਂਟਲ ਹੈਲਥ ਅਤੇ ਅਡਿਕਸ਼ਨਜ਼ ਵਰਕਰਜ਼

ਸੋਸ਼ਲ ਸਰਵਿਸਿਜ਼

ਯੋਗ ਕੰਮ ਵਾਲੀਆਂ ਥਾਂਵਾਂ:
- ਡਿਵੈਲਪਮੈਂਟ ਡਿਸਐਬਿਲਿਟੀਜ਼ ਵਾਲੇ ਲੋਕਾਂ ਦੀ ਮਦਦ ਕਰਨ ਵਾਲੇ ਹੋਮਜ਼
- ਇੰਟਰਵੈਨਰ ਰੈਜ਼ੀਡੈਂਸ਼ੀਅਲ ਸਾਈਟਸ
- ਇੰਡੀਜੀਨਸ ਹੀਲਿੰਗ ਐਂਡ ਵੈੱਲਨੈਸ ਫੈਸਿਲੀਟੀਜ਼/ਸ਼ੈਲਟਰਜ਼
- ਲਿੰਗ ਅਧਾਰਤ ਹਿੰਸਾ ਤੇ ਮਨੁੱਖੀ ਸਮਗਲਿੰਗ ਤੋਂ ਬਚਾਏ ਗਏ ਲੋਕਾਂ ਲਈ ਸ਼ੈਲਟਰਜ਼
- ਯੂਥ ਜਸਟਿਸ ਰੈਜ਼ੀਡੈਂਸ਼ੀਅਲ ਫੈਸਿਲਿਟੀਜ਼
- ਲਾਇਸੰਸਡ ਚਿਲਡਰਨਜ਼ ਰੈਜ਼ੀਡੈਂਸ਼ੀਅਲ ਸਾਈਟਜ਼
- ਡਾਇਰੈਕਟਲੀ ਆਪਰੇਟਿਡ ਰੈਜ਼ੀਡੈਂਸ਼ੀਅਲ ਫੈਸਿਲਿਟੀ-ਚਾਈਲਡ ਐਂਡ ਪੇਰੈਂਟ ਰਿਸੋਰਸ ਇੰਸਟੀਚਿਊਟ
- ਐਮਰਜੰਸੀ ਸ਼ੈਲਟਰਜ਼
- ਸਪੋਰਟਿਵ ਹਾਊਸਿੰਗ ਫੈਸਿਲਿਟੀਜ਼
- ਰਿਸਪਾਈਟ/ਡਰੌਂਪ-ਇਨ ਸੈਂਟਰਜ਼
- ਆਰਜ਼ੀ ਸ਼ੈਲਟਰ ਫੈਸਿਲਿਟੀਜ਼, ਜਿਵੇਂ ਕਿ ਰੀ-ਪਰਪਸਡ ਕਮਿਊਨਿਟੀ ਸੈਂਟਰਜ਼ ਜਾਂ ਅਰੇਨਾਜ਼
- ਹੋਟਲ/ਮੋਟਲ ਜੋ ਕਿ ਸੈਲਫ ਆਈਸੋਲੇਸ਼ਨ ਲਈ ਵਰਤੇ ਜਾ ਰਹੇ ਹਨ ਤੇ/ਜਾਂ ਸ਼ੈਲਟਰ ਓਵਰਫਲੋਅ

ਯੋਗ ਵਰਕਰਜ਼:
- ਡਾਇਰੈਕਟ ਸਪੋਰਟ ਵਰਕਰਜ਼ (ਮਿਸਾਲ ਵਜੋਂ ਡਿਵੈਲਪਮੈਂਟਲ ਸਰਵਿਸ ਵਰਕਰਜ਼, ਲਾਇਸੰਸਸ਼ੁਦਾ ਚਿਲਡਰਨਜ਼ ਰੈਜ਼ੀਡੈਂਸ਼ੀਅਲ ਸਾਈਟਸ ਦਾ ਸਟਾਫ, ਇਨ-ਟੇਕ/ਆਊਟਰੀਜ਼ ਵਰਕਰਜ਼)
- ਕਲੀਨਿਕਲ ਸਟਾਫ
- ਹਾਊਸਕੀਪਿੰਗ ਸਟਾਫ
- ਸਕਿਊਰਿਟੀ ਸਟਾਫ
- ਐਡਮਨਿਸਟ੍ਰੇਸ਼ਨ ਕਰਮਚਾਰੀ
- ਮੇਨਟੇਨੈਂਸ ਸਟਾਫ
- ਫੂਡ ਸਰਵਿਸ ਵਰਕਰਜ਼
- ਨਰਸਿੰਗ ਸਟਾਫ

ਕੋਰੈਕਸ਼ਨਜ਼

ਯੋਗ ਕੰਮ ਵਾਲੀਆਂ ਥਾਂਵਾਂ:
- ਓਨਟਾਰੀਓ ਵਿੱਚ ਐਡਲਟ ਕੋਰੈਕਸ਼ਨਲ ਫੈਸਿਲਿਟੀਜ਼ ਤੇ ਯੂਥ ਜਸਟਿਸ ਫੈਸਿਲਿਟੀਜ਼

ਯੋਗ ਵਰਕਰਜ਼:
- ਕੋਰੈਕਸ਼ਨਲ ਆਫੀਸਰਜ਼
- ਯੂਥ ਸਰਵਿਸ ਆਫੀਸਰਜ਼
- ਨਰਸਾਂ
- ਹੈਲਥਕੇਅਰ ਸਟਾਫ
- ਸੋਸ਼ਲ ਵਰਕਰਜ਼
- ਫੂਡ ਸਰਵਿਸ
- ਮੇਨਟੇਨੈਂਸ ਸਟਾਫ
- ਪ੍ਰੋਗਰਾਮਿੰਗ ਕਰਮਚਾਰੀ
- ਐਡਮਨਿਸਟ੍ਰੇਸ਼ਨ ਕਰਮਚਾਰੀ
- ਇੰਸਟੀਚਿਊਸ਼ਨ ਲਾਇਜ਼ਨ ਆਫੀਸਰਜ਼
- ਟ੍ਰਾਇਲਕੋਰ ਕਰਮਚਾਰੀ
- ਨੇਟਿਵ ਇਨਮੇਟ ਲਾਇਜਨ ਆਫੀਸਰਜ
- ਚੈਪਲੇਨਜ਼

# ਪੀ ਜੀ ਆਈ ਨੇ ਕਿਹਾ: ਕੋਰੋਨਾ ਲਈ ਹਾਲੇ ਤੱਕ ਕੋਈ ਵੈਕਸੀਨ ਨਹੀਂ ਬਣੀ

ਚੰਡੀਗੜ੍ਹ, 26 ਅਪਰੈਲ, (ਪੋਸਟ ਬਿਊਰੋ)- ਉੱਤਰੀ ਭਾਰਤ ਦੇ ਸਭ ਤੋਂ ਵੱਡੇ ਸਿਹਤ ਅਦਾਰੇ ਪੀ ਜੀ ਆਈ ਹਸਪਤਾਲ ਚੰਡੀਗੜ੍ਹ ਨੇ ਸਾਫ ਕਿਹਾ ਹੈ ਕਿ ਬਹੁ-ਕੇਂਦਰਤ ਮਾਈਕੋਬੈਕਟੀਰੀਅਮ ਡਬਲਯੂ (ਐੱਮ ਬੀ ਡਬਲਿਊ) ਦੀ ਪਰਖ ਦੇ ਲਈ ਕੋਰੋਨਾ ਨਾਲ ਸੰਬਧਤ ਟੀਕਾ ਨਹੀਂ ਹੈ। ਪੀ ਜੀ ਆਈ ਨੇ ਕਿਹਾ ਕਿ 'ਪਿੱਛੇ ਜਿਹੇ ਹੋਈ ਬਹੁ-ਕੇਂਦਰਤ ਪਰਖ ਵਿੱਚ ਪੀ ਜੀ ਆਈ ਨੇ ਵੇਖਿਆ ਕਿ ਇਹ ਸਿਰਫ ਗੰਭੀਰ ਸੈਪਸਿਸ ਵਾਲੇ ਮਰੀਜ਼ਾਂ ਵਿੱਚ ਮੌਤ ਦੀ ਦਰ ਘਟਾਉਂਦਾ ਹੈ।'



ਇਸ ਬਾਰੇ ਪੀ ਜੀ ਆਈ ਨੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਦਿੱਲੀ ਅਤੇ ਏਮਜ਼ ਭੋਪਾਲ ਨਾਲ ਮਿਲ ਕੇ ਚੰਡੀਗੜ੍ਹ ਹਸਪਤਾਲ ਵਿੱਚ ਦਾਖਲ ਕੋਰੋਨਾ ਦੇ ਮਰੀਜ਼ਾਂ ਵਿੱਚ ਐੱਮ ਬੀ ਡਬਲਿਊ ਦੇ ਪ੍ਰਭਾਵ ਦਾ ਅਧਿਐਨ ਕਰਨ ਲਈ ਟ੍ਰਾਇਲ ਦੀ ਯੋਜਨਾ ਬਣਾਈ ਹੈ। ਇਸ ਦੀ ਵਰਤੋਂ ਕੋਰੋਨਾ ਦੇ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਕੀਤੀ ਜਾਏਗੀ। ਪੀ ਜੀ ਆਈ ਚੰਡੀਗੜ੍ਹ ਨੂੰ ਗੰਭੀਰ ਬਿਮਾਰ ਦੀ ਵਰਤੋਂ ਤੇ ਲੰਬੇ ਸਮੇਂ ਦੀ ਸੁਰਖਿਆ ਲਈ ਹਸਪਤਾਲ ਵਿੱਚ ਦਾਖਲ ਕੋਰੋਨਾ ਦੇ ਚਾਰ ਮਰੀਜ਼ਾਂ ਦੇ ਅਧਿਐਨ ਤੋਂ ਪਹਿਲਾਂ ਦੇ ਪੜਾਅ ਵਿੱਚ ਇਸ ਦਾ ਮਾੜਾ ਪ੍ਰਭਾਵ ਨਹੀਂ ਮਿਲਿਆ। ਇਸ ਨੂੰ ਪਹਿਲਾਂ ਘਾਤਕ ਬਿਮਾਰੀ ਦਾ ਟੀਕਾ ਮੰਨਿਆ ਗਿਆ ਸੀ। ਪੀ ਜੀ ਆਈ ਦੇ ਡਾਕਟਰਾਂ ਨੇ ਸਾਫ ਕਿਹਾ ਕਿ ਇਹ ਟੀਕਾ ਨਹੀਂ ਸੀ। ਉਨ੍ਹਾਂ ਵੱਲੋਂ ਡਾਕਟਰ ਜੀ ਡੀ ਪੂਰੀ ਨੇ ਕਿਹਾ ਕਿ 'ਐੱਮ ਬੀ ਡਬਲਿਊ ਅਸਲ ਵਿੱਚ ਕੋਰੋਨਾ ਦੇ ਇਲਾਜ ਲਈ ਕੋਈ ਟੀਕਾ ਨਹੀਂ, ਇਹ ਮਰੀਜ਼ਾਂ ਲਈ ਮਾਨਸਿਕ ਇਲਾਜ ਦੀ ਦਵਾਈ ਹੈ, ਜਿਸ ਦਾ ਮੁਲੰਕਣ ਕੀਤਾ ਜਾ ਰਿਹਾ ਹੈ।'

# ਕਰੋਨਾ ਸਬੰਧੀ ਪੰਜਾਬ ਦੇ ਮੈਡੀਕਲ ਕਾਲਜਾਂ ਦੀਆਂ ਲੈਬਾਂ ਵਲੋਂ 10000 ਟੈਸਟ ਕਰਨ ਦਾ ਅੰਕੜਾ ਪਾਰ : ਸੋਨੀ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਰਾਜ ਦੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਦੀਆਂ ਲੈਬਾਂ ਨੇ ਕਰੋਨਾ ਵਾਇਰਸ ਸਬੰਧੀ 10000 ਟੈਸਟ ਕਰਨ ਦਾ ਅੰਕੜਾ ਪਾਰ ਕਰ ਲਿਆ ਹੈ। ਇਨ੍ਹਾਂ ਟੈਸਟਾਂ 'ਚੋਂ 217 ਟੈਸਟ ਪਾਜ਼ੀਟਿਵ ਪਾਏ ਗਏ ਸਨ। ਉਕਤ ਪ੍ਰਗਟਾਵਾ ਅੱਜ ਇਥੇ ਪੰਜਾਬ ਰਾਜ ਦੇ ਡਾਕਟਰੀ ਸਿੱਖਿਆ ਅਤੇ ਖੋਜ ਬਾਰੇ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਕੀਤਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਕੋਰੋਨਾ (ਕੋਵਿਡ 19) ਨੂੰ ਮਾਤ ਪਾਉਣ ਲਈ ਕੀਤੇ ਗਏ ਪ੍ਰਬੰਧਾਂ 'ਚ ਹੋਰ ਇਜ਼ਾਫਾ ਕਰਨ ਦੇ ਮਕਸਦ ਨਾਲ ਪੰਜਾਬ ਰਾਜ ਦੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ 'ਚ ਕਰੋਨਾ ਸਬੰਧੀ ਟੈਸਟ ਕਰਨ ਦੀ ਸਮਰੱਥਾ ਨੂੰ ਰੋਜ਼ਾਨਾ 1050 ਤੋਂ ਵਧਾ ਕੇ 3800 ਕਰਨ ਲਈ ਲੋੜੀਂਦੀਆਂ ਤਿਆਰੀਆਂ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚਾਲੂ ਕੋਸ਼ਿਸ਼ਾਂ ਸਦਕੇ ਨੇਪਰੇ ਚੜਨ ਤੋਂ ਬਾਅਦ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਅਤੇ ਪਟਿਆਲਾ 1400-1400 ਅਤੇ ਮੈਡੀਕਲ ਕਾਲਜ ਫਰੀਦਕੋਟ 'ਚ 1000 ਟੈਸਟ ਹੋਇਆ ਕਰਨਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਦੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਅਤੇ ਪਟਿਆਲਾ 'ਚ 'ਚ ਆਈ.ਸੀ.ਐਮ.ਆਰ ਦੀ ਪ੍ਰਵਾਨਗੀ ਤੋਂ ਬਾਅਦ 15 ਮਾਰਚ 2020 ਨੂੰ 40-40 ਟੈਸਟ ਰੋਜ਼ਾਨਾ ਕਰਨ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਮੁੜ ਵਿਭਾਗ ਵਲੋਂ ਆਈ.ਸੀ.ਐੱਮ.ਆਰ. ਨਾਲ ਤਾਲਮੇਲ ਕਰਕੇ ਇਹ ਰੋਜ਼ਾਨਾ ਟੈਸਟ ਸਮਰੱਥਾ ਉਕਤ ਮੈਡੀਕਲ ਕਾਲਜਾਂ 'ਚ 400-400 ਟੈਸਟ ਕਰਨ ਦੀ ਪ੍ਰਵਾਨਗੀ ਹਾਸਿਲ ਕਰ ਲਈ ਸੀ। ਇਸ ਤੋਂ ਇਲਾਵਾ ਮੈਡੀਕਲ ਕਾਲਜ ਫਰੀਦਕੋਟ 'ਚ ਵੀ 250 ਟੈਸਟ ਕਰਨ ਦੀ ਪ੍ਰਵਾਨਗੀ ਮਿਲ ਗਈ ਸੀ। ਜਿਸ ਨਾਲ ਸੂਬੇ 'ਚ ਕਰੋਨਾ ਦਾ ਟਾਕਰਾ ਕਰਨ 'ਚ ਕਾਫੀ ਮੱਦਦ ਮਿਲੀ। ਸੋਨੀ ਨੇ ਦੱਸਿਆ ਕਿ ਮੌਜੂਦਾ ਸਮੇਂ ਰਾਜ ਦੇ ਸਰਕਾਰੀ ਮੈਡੀਕਲ ਕਾਲਜ ਕੋਲ 5346 ਅਕਸਟਰਕਸ਼ਨ (ਮੈਨੂਅਲ) ਅਤੇ 29461 ਆਰ.ਟੀ.-ਪੀ. ਸੀ. ਆਰ. ਟੈਸਟ ਕਿੱਟਾਂ ਉਪਲੱਬਧ ਹਨ।

ਉਨ੍ਹਾਂ ਦੱਸਿਆ ਕਰੋਨਾ ਵਾਇਰਸ ਸਬੰਧੀ ਮੌਜੂਦਾ ਸਮੇਂ ਡਾਟਾ ਮੈਨੂਅਲ ਤਰੀਕੇ ਨਾਲ ਰੱਖਿਆ ਜਾਂਦਾ ਹੈ ਅਤੇ ਹੁਣ ਇਸ ਨੂੰ ਆਨ ਲਾਈਨ ਪ੍ਰਣਾਲੀ ਅਧੀਨ ਲਿਆਂਦਾ ਜਾ ਰਿਹਾ ਹੈ ਜਿਸ ਤਹਿਤ ਮਰੀਜ਼ ਦਾ ਸੈਂਪਲ ਲੈਣ ਵੇਲੇ ਆਪ ਲਾਈਨ ਡਾਟਾ ਐਂਟਰੀ ਕੀਤੀ ਜਾਵੇਗੀ ਅਤੇ ਫਿਰ ਟਰਾਂਸਪੋਰਟ ਕਰਨ ਵੇਲੇ ਐਂਟਰੀ ਕੀਤੀ ਜਾਵੇਗੀ ਅਤੇ ਅਖੀਰ ਵਿੱਚ ਟੈਸਟ ਕਰਨ ਵੇਲੇ ਐਂਟਰੀ ਹੋਵੇਗੀ ਅਤੇ ਟੈਸਟ ਦੇ ਨਤੀਜੇ ਵੀ ਆਨ ਲਾਈਨ ਹੀ ਭੇਜੇ ਜਾਣਗੇ। ਜਿਸ ਨਾਲ ਸੈਂਪਲਿੰਗ ਤੋਂ ਲੈ ਕੇ ਸੈਂਪਲ ਦੀ ਲੈਬ ਤੱਕ ਪਹੁੰਚਣ ਤੱਕ ਦੀ ਨਿਗਰਾਨੀ ਕੀਤੀ ਜਾਵੇਗੀ ਅਤੇ ਅਤੇ ਨਾਲ ਹੀ ਟੈਸਟਾਂ ਦਾ ਰਿਕਾਰਡ ਵੀ ਆਪ ਲਾਈਨ ਹੀ ਰੱਖਿਆ ਜਾਵੇਗਾ। ਸੋਨੀ ਨੇ ਸੂਬੇ ਦੇ ਵਿਗਿਆਨਕਾਂ, ਮੈਡੀਕਲ ਕਾਲਜਾਂ ਦੇ ਡਾਕਟਰਾਂ ਅਤੇ ਪੈਰਾ ਮੈਡੀਕਲ ਅਮਲੇ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ।

# ਬਲਬੀਰ ਸਿੱਧੂ ਨੇ ਮੋਹਾਲੀ ਦੇ ਜਗਤਪੁਰਾ ਤੋਂ ਡਰੋਨਾਂ ਰਾਹੀਂ ਸੈਨੀਟਾਈਜੇਸ਼ਨ ਮੁਹਿੰਮ ਦੀ ਕੀਤੀ ਸ਼ੁਰੂਆਤ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ): ਇੱਕ ਵਿਲੱਖਣ ਪਹਿਲਕਦਮੀ ਤਹਿਤ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਨੇ ਅੱਜ ਮੁਹਾਲੀ ਦੇ ਪਿੰਡ ਜਗਤਪੁਰਾ ਤੋਂ ਡਿਪਟੀ ਕਮਿਸ਼ਨਰ ਗਿਰੀਸ਼ ਦਿਆਲਨ ਦੀ ਹਾਜ਼ਰੀ ਵਿੱਚ ਡ੍ਰੋਨਾਂ ਰਾਹੀਂ ਸੈਨੀਟਾਈਜੇਸ਼ਨ ਮੁਹਿੰਮ ਦੀ ਸ਼ੁਰੂਆਤ ਕੀਤੀ। ਇਹ ਮੁਹਿੰਮ ਜਲਦੀ ਹੀ ਪੂਰੇ ਸੂਬੇ 'ਚ ਚਲਾਈ ਜਾਏਗੀ। ਜਗਤਪੁਰਾ ਤੋਂ ਬਾਅਦ ਇਹ ਮੁਹਿੰਮ ਬਡਮਾਜਰਾ 'ਚ ਗ੍ਰੀਨ ਐਨਕਲੇਵ, ਜੁਝਾਰ ਨਗਰ, ਅਤੇ ਬਲੌਂਗੀ 'ਚ ਚਲਾਈ ਗਈ।



ਮੰਤਰੀ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਕੋਰੋਨਾ ਵਾਇਰਸ ਬਿਮਾਰੀ ਨਾਲ ਲੜਨ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ ਅਤੇ ਡਰੋਨ ਇਸ 'ਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸੰਘਣੀ ਆਬਾਦੀ ਵਾਲੇ, ਭੀੜ ਵਾਲੇ ਖੇਤਰਾਂ ਖਾਸ ਕਰਕੇ ਝੁੱਗੀਆਂ-ਝੌਂਪੜੀਆਂ ਦੀ ਸੈਨੀਟਾਈਜੇਸ਼ਨ ਸਰਕਾਰ ਦੀ ਮੁੱਖ ਤਰਜੀਹ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਡਰੋਨਾਂ ਰਾਹੀਂ ਸੈਨੀਟਾਈਜੇਸ਼ਨ ਕਰਨ ਨਾਲ ਦੋਹਰੇ ਉਦੇਸ਼ ਪੂਰੇ ਹੋਣਗੇ ਜਿਸ 'ਚ ਕੋਰੋਨਾ ਵਾਇਰਸ ਬਿਮਾਰੀ ਨੂੰ ਠੱਲ ਪਏਗੀ ਅਤੇ ਡੇਂਗੂ ਤੋਂ ਬਚਾਅ ਹੋ ਜਾਵੇਗਾ। ਡਰੋਨਾਂ ਰਾਹੀਂ ਸੈਨੇਟਾਈਜ਼ੇਸ਼ਨ ਪਹਿਲਾਂ ਹੀ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਛੱਤੀਸਗੜ, ਚੰਡੀਗੜ੍ਹ ਅਤੇ ਵਾਰਾਣਸੀ (ਯੂ ਪੀ) 'ਚ ਕੀਤੀ ਜਾ ਰਹੀ ਹੈ।

ਮੰਤਰੀ ਨੇ ਅੱਗੇ ਦੱਸਿਆ ਕਿ ਡਰੋਨ ਦੀਆਂ ਸੇਵਾਵਾਂ ਗਾਰੂਡਾ ਏਅਰਸਪੇਸ ਦੁਆਰਾ ਦਿੱਤੀਆਂ ਗਈਆਂ ਹਨ।

ਡਰੋਨ ਦੇ ਤਕਨੀਕੀ ਪੱਖਾਂ ਬਾਰੇ ਗੱਲ ਕਰਦਿਆਂ ਮੰਤਰੀ ਨੇ ਕਿਹਾ ਕਿ ਇਕ ਵਾਰ ਜਦੋਂ ਸਮੱਗਰੀ ਲੋਡ ਹੋ ਜਾਂਦੀ ਹੈ, ਤਾਂ ਇਸ 'ਚ 10 ਲੀਟਰ ਸੈਨੇਟਾਈਜ਼ਰ ਲਿਜਾਣ ਦੀ ਸਮਰੱਥਾ ਹੁੰਦੀ ਹੈ ਅਤੇ ਇਹ 15 ਮੀਟਰ ਦੀ ਉਚਾਈ 'ਤੇ ਉੱਡ ਸਕਦਾ ਹੈ। ਇਹ ਇਕ ਵਾਰ 20 ਫੁੱਟ ਵਿਆਸ ਨੂੰ ਕਵਰ ਕਰ ਸਕਦਾ ਹੈ। ਇਹ 10 ਮਿੰਟਾਂ 'ਚ 6 ਏਕੜ ਖੇਤਰ ਨੂੰ ਰੋਗਾਣੂ-ਮੁਕਤ ਕਰ ਸਕਦਾ ਹੈ।

ਮੰਤਰੀ ਨੇ ਭਰੋਸਾ ਦਿੱਤਾ ਕਿ ਪੰਜਾਬ ਕੋਰੋਨਾ ਵਿਸ਼ਾਣੂ ਨਾਲ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਲੜ ਰਿਹਾ ਹੈ ਪਰ ਸਾਨੂੰ ਅਜੇ ਪੂਰੀ ਸਾਵਧਾਨੀ ਵਰਤਣੀ ਪਵੇਗੀ ਅਤੇ ਅਸੀਂ ਤਦ ਤੱਕ ਲੜਾਂਗੇ ਜਦੋਂ ਤੱਕ ਕੋਰੋਨਾ ਵਾਇਰਸ ਖ਼ਿਲਾਫ਼ ਲੜਾਈ ਜਿੱਤ ਨਹੀਂ ਲੈਂਦੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਰਫਿਊ/ਲੌਕਡਾਊਨ ਦੌਰਾਨ ਸ਼ੂਗਰਫੈਡ ਵਲੋਂ 21.07 ਲੱਖ ਕਿਲੋ ਖੰਡ ਦੀ ਸਪਲਾਈ ਭੇਜੀ ਗਈ : ਰੰਧਾਵਾ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ): ਕੋਵਿਡ-19 ਸੰਕਟ ਦੌਰਾਨ ਸ਼ੂਗਰਫੈਡ ਪੰਜਾਬ ਵਲੋਂ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਦੀ ਮੁਹਿੰਮ 'ਚ ਵੱਡਾ ਯੋਗਦਾਨ ਪਾਉਂਦਿਆਂ ਹੁਣ ਤੱਕ 21 ਲੱਖ 7 ਹਜ਼ਾਰ (21.07 ਲੱਖ) ਕਿਲੋ ਖੰਡ ਦੀ ਸਪਲਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵਲੋਂ ਸਥਾਪਤ ਕੀਤੇ ਮੁੱਖ ਮੰਤਰੀ ਕੋਵਿਡ ਰਾਹਤ ਫੰਡ 'ਚ ਵੀ ਯੋਗਦਾਨ ਪਾਉਂਦਿਆਂ ਸ਼ੂਗਰਫੈਡ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ 29 ਲੱਖ 5 ਹਜ਼ਾਰ (29.05 ਲੱਖ) ਰੁਪਏ ਦਾ ਯੋਗਦਾਨ ਪਾਇਆ।

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਉਕਤ ਖੁਲਾਸਾ ਕਰਦਿਆਂ ਇਸ ਸੰਕਟ ਦੀ ਘੜੀ 'ਚ ਸੂਬੇ ਦੇ ਲੋਕਾਂ ਦੀ ਇਸ ਦੋਹਰੀ ਮੱਦਦ ਲਈ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ 'ਚ ਉਨ੍ਹਾਂ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤੇ ਇਹ ਯੋਗਦਾਨ ਭੁਲਾਇਆ ਨਹੀਂ ਜਾਵੇਗਾ।

ਸਹਿਕਾਰਤਾ ਮੰਤਰੀ ਰੰਧਾਵਾ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ ਅਨੁਸਾਰ ਸੂਬੇ 'ਚ ਮਹਾਮਾਰੀ ਦੇ ਸੰਕਟ ਦੌਰਾਨ ਜ਼ਰੂਰੀ ਵਸਤਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਹਿੱਤ ਸਹਿਕਾਰੀ ਖੰਡ ਮਿੱਲਾਂ ਵਲੋਂ ਖੰਡ ਦੇ ਪੈਕਟ ਤਿਆਰ ਕਰਕੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਦਿੱਤੇ ਜਾ ਰਹੇ ਹਨ। ਸਹਿਕਾਰੀ ਖੰਡ ਮਿੱਲਾਂ ਵਲੋਂ ਹੁਣ ਤੱਕ 2 ਕਿਲੋ ਖੰਡ ਦੇ 10 ਲੱਖ ਅਤੇ 1 ਕਿਲੋ ਖੰਡ ਦੇ 42,000 ਪੈਕਟ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਸੌਂਪੇ ਗਏ। ਇਸ ਤੋਂ ਇਲਾਵਾ ਸਹਿਕਾਰੀ ਖੰਡ ਮਿੱਲਾਂ ਵਲੋਂ ਕੋਵਿਡ ਕਾਰਨ ਲਾਏ ਕਰਫਿਊ/ਲੌਕਡਾਊਨ ਦੌਰਾਨ ਮਾਰਕਫੈਡ ਅਤੇ ਮਿਲਕਫੈਡ ਨੂੰ ਹੁਣ ਤੱਕ ਫਤਹਿ ਬਰਾਂਡ ਖੰਡ ਦੇ 1 ਕਿਲੋ ਦੇ 40,000 ਪੈਕਟ ਅਤੇ 5 ਕਿਲੋ ਦੇ 5,000 ਤੋਂ ਵੱਧ ਪੈਕਟ ਸਪਲਾਈ ਕੀਤੇ ਜਾ ਚੁੱਕੇ ਹਨ ਤਾਂ ਜੋ ਵੱਡੇ ਸ਼ਹਿਰਾਂ ਅਤੇ ਕਸਬਿਆਂ 'ਚ ਖੰਡ ਦੀ ਸਪਲਾਈ 'ਚ ਕਮੀ ਨਾ ਆ ਸਕੇ।

ਸ਼ੂਗਰਫੈਡ ਦੇ ਚੇਅਰਮੈਨ ਅਮਰੀਕ ਸਿੰਘ ਆਲੀਵਾਲ ਨੇ ਦੱਸਿਆ ਕਿ ਸ਼ੂਗਰਫੈਡ ਵਲੋਂ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਲਈ ਵੀ 29.05 ਲੱਖ ਰੁਪਏ ਦਾ ਯੋਗਦਾਨ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਸ਼ੂਗਰਫੈਡ ਕਾਮਨ ਕੇਡਰ ਦੇ ਅਧਿਕਾਰੀਆਂ ਵਲੋਂ ਸੱਤ ਦਿਨ ਦੀ ਤਨਖਾਹ ਦੇ ਬਰਾਬਰ ਅਤੇ ਸ਼ੂਗਰਫੈਡ ਮੁੱਖ ਦਫਤਰ ਅਤੇ ਮਿੱਲਾਂ ਦੇ ਮੁਲਾਜ਼ਮਾਂ ਵੱਲੋਂ ਇੱਕ ਦਿਨ ਦੀ ਤਨਖਾਹ ਦਾਨ ਕਰ ਕੇ ਕੁੱਲ 29,05,229 ਰੁਪਏ ਇਕੱਠੇ ਕਰਕੇ ਮੁੱਖ ਮੰਤਰੀ ਰਾਹਤ ਫੰਡ 'ਚ ਦਿੱਤੇ ਗਏ।
















# ਗੰਭੀਰਤਾ ਦੀ ਲੋੜ ਹੈ ਮਹਾਂਸ਼ਕਤੀਆਂ ਦੇ ਥੰਮ੍ਹ ਥਿੜਕਾ ਰਹੇ ਕੋਰੋਨਾ ਵਾਇਰਸ ਨਾਲ ਭਿੜਨ ਲਈ



ਜਤਿੰਦਰ ਪੰਨੂ

ਸੰਸਾਰ ਇੱਕ ਬਹੁਤ ਵੱਡੀ ਮੁਸੀਬਤ ਦੇ ਮੂੰਹ ਆਇਆ ਪਿਆ ਹੈ। ਇਹ ਮੁਸੀਬਤ ਕਾਬੂ ਵਿੱਚ ਆਉਣ ਦੀ ਥਾਂ ਹਰ ਨਵੇਂ ਦਿਨ ਨਾਲ ਵਧਦੀ ਜਾਂਦੀ ਜਾਪਦੀ ਹੈ। ਜੰਗਾਂ ਵਿਰੁੱਧ ਸਾਂਝੇ ਮੋਰਚੇ ਬਣਾਏ ਤਾਂ ਇਤਹਾਸ ਵਿੱਚੋਂ ਮਿਲ ਜਾਂਦੇ ਹਨ, ਪਰ ਇਸ ਵਾਰੀ ਇੱਕ ਅਣਦਿ-ੱਸਦੇ ਦੁਸ਼ਮਣ, ਕੋਰੋਨਾ ਵਾਇਰਸ, ਨਾਲ ਜੰਗ ਲੜਨ ਲਈ ਸਾਂਝਾ ਮੋਰਚਾ ਨਹੀਂ ਬਣ ਸਕਿਆ ਤੇ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਘੋੜੇ ਭਜਾਈ ਫਿਰਦੀਆਂ ਹਨ। ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਹੋਣ ਦੇ ਭਰਮ ਵਿੱਚ ਫਸਿਆ ਅਮਰੀਕਾ ਇੱਕ ਅੱਥਰੇ ਸੁਭਾਅ ਵਾਲੇ ਰਾਸ਼ਟਰਪਤੀ ਦੀ ਅਗਵਾਈ ਹੇਠ ਦੁਨੀਆ ਵਿੱਚ ਕੋਰੋਨਾ ਦੀ ਸਭ ਤੋਂ ਵੱਧ ਮਾਰ ਝੱਲ ਰਿਹਾ ਹੈ। ਇਸ ਦੇ ਨਿਊ ਯਾਰਕ ਰਾਜ ਵਿੱਚ ਹੀ ਮੌਤਾਂ ਦੀ ਲੜੀ ਟੁੱਟਣ ਵਿੱਚ ਨਹੀਂ ਆ ਰਹੀ। ਸੰਸਾਰ ਭਰ ਦੇ ਲੋਕ ਅਮਰੀਕਾ ਵੱਲ ਵੇਖ ਰਹੇ ਹਨ, ਪਰ ਉਸ ਨਾਲ ਜੰਗਾਂ ਲੜਨ ਲਈ ਕਦੀ ਇਰਾਕ ਅਤੇ ਕਦੀ ਅਫਗਾਨਿਸਤਾਨ ਨੂੰ ਫੌਜਾਂ ਭੇਜਣ ਵਾਲੇ ਦੇਸ਼ ਵੀ ਇਸ ਵਕਤ ਉਸ ਵੱਲ ਵੇਖੇ ਬਿਨਾਂ ਆਪੋ-ਆਪਣੀ ਥਾਂ ਬਿਮਾਰੀ ਨਾਲ ਜੂਝ ਰਹੇ ਹਨ।

ਬਿਮਾਰੀ ਦਾ ਪਹਿਲਾ ਵੱਡਾ ਪ੍ਰਗਟਾਵਾ ਚੀਨ ਵਿੱਚ ਪਿਛਲੇ ਦਸੰਬਰ ਵਿੱਚ ਹੋਇਆ ਸੀ। ਓਦੋਂ ਦੁਨੀਆ ਦੇ ਕਿਸੇ ਵੀ ਦੇਸ਼ ਨੇ ਇਹ ਨਹੀਂ ਸੀ ਸੋਚਿਆ ਕਿ ਮੁਸੀਬਤ ਉਨ੍ਹਾਂ ਦੇ ਘਰ ਤੱਕ ਵੀ ਆ ਸਕਦੀ ਹੈ। ਫਿਰ ਜਦੋਂ ਇਹ ਉਨ੍ਹਾਂ ਦੇਸ਼ਾਂ ਵੱਲ ਨੂੰ ਆਉਣੀ ਸ਼ੁਰੂ ਹੋਈ ਤਾਂ ਇੱਕਦਮ ਵੱਜੀ ਸੱਟ ਨਾਲ ਓਥੋਂ ਦੀਆਂ ਸਰਕਾਰਾਂ ਦੇ ਥੰਮ੍ਹ ਥਿੜਕ ਗਏ। ਸੰਸਾਰ ਦੇ ਅਗਵਾਨੂੰ ਦੇਸ਼ ਅਖਵਾਉਣ ਵਾਲਿਆਂ ਵਿੱਚ ਜਦੋਂ ਬਿਮਾਰੀ ਪਹੁੰਚੀ ਤੇ ਪਹੁੰਚਦੇ ਸਾਰ ਸੱਥਰ ਵਿਛਾਉਣ ਲੱਗ ਪਈ ਤਾਂ ਓਥੋਂ ਦੀਆਂ ਸਰਕਾਰਾਂ ਨੇ ਆਪਣਾ ਘਰ ਸਾਂਭਣ ਦੀ ਥਾਂ ਇੱਕ ਨਵਾਂ ਕੂਟਨੀਤਕ ਮੋਰਚਾ ਖੋਲ੍ਹ ਲਿਆ ਕਿ ਚੀਨ ਨੇ ਸਾਨੂੰ ਇਸ ਬਾਰੇ ਵੇਲੇ ਸਿਰ ਨਹੀਂ ਦੱਸਿਆ। ਇਹ ਗੱਲ ਮੰਨੀ ਜਾਣ ਵਿੱਚ ਕਿਸੇ ਨੂੰ ਇਤਰਾਜ਼ ਨਾ ਵੀ ਹੋਵੇ ਕਿ ਚੀਨ ਨੇ ਵੇਲੇ ਸਿਰ ਸੰਸਾਰ ਭਰ ਵਿੱਚ ਡੌਂਡੀ ਨਹੀਂ ਪਿੱਟੀ, ਫਿਰ ਵੀ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਚੀਨ ਦੇ ਹਾਲਾਤ ਵੇਖ ਕੇ ਜਿਨ੍ਹਾਂ ਦੇਸ਼ਾਂ ਨੂੰ ਆਪਣੇ ਘਰ ਵਿੱਚ ਅਗੇਤੇ ਬਚਾਅ ਦੇ ਪ੍ਰਬੰਧ ਕਰ ਲੈਣੇ ਚਾਹੀਦੇ ਸਨ, ਉਨ੍ਹਾਂ ਨੇ ਏਦਾਂ ਦਾ ਕੁਝ ਕੀਤਾ ਹੀ ਨਹੀਂ। ਅਜੋਕੇ ਹਾਲ ਵਿੱਚ ਉਹ ਚੀਨ ਦੇ ਖਿਲਾਫ ਜੋ ਮਰਜ਼ੀ ਕਹਿ ਲੈਣ, ਆਪਣੇ ਲੋਕਾਂ ਵੱਲੋਂ ਪੁੱਛੇ ਜਾਂਦੇ ਸਵਾਲਾਂ ਤੇ ਮੁੱਦਿਆਂ ਦਾ ਵੀ ਕੋਈ ਜਵਾਬ ਤਾਂ ਦੇਣ। ਇਸ ਦੀ ਉਹ ਲੋੜ ਹੀ ਨਹੀਂ ਸਮਝਦੇ। ਉਲਟਾ ਇਹ ਹੈ ਕਿ ਅਮਰੀਕਾ ਦੀ ਨੈਸ਼ਨਲ ਇੰਸਟੀਚਿਊਟ ਆਫ ਅਲਰਜੀ ਦੇ ਡਾਇਰੈਕਟਰ ਡਾਕਟਰ ਐਂਥਨੀ ਫਾਊਸੀ ਤੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰੀਵੈਂਸ਼ਨ ਦੇ ਡਾਇਰੈਕਟਰ ਡਾਕਟਰ ਰੈੱਡਫੀਲਡ ਨੇ ਕੁਝ ਕਿਹਾ ਤਾਂ ਉਨ੍ਹਾਂ ਨੂੰ ਜਨਤਕ ਤੌਰ ਉੱਤੇ ਭੰਡਿਆ ਗਿਆ। ਅਮਰੀਕਾ ਦੀ ਬਾਇਓਮੈਡੀਕਲ ਐਡਵਾਂਸ ਰਿਸਰਚ ਅਥਾਰਟੀ ਦੇ ਡਾਇਰੈਕਟਰ ਰਿਕ ਬਰਾਈਟ ਨੂੰ ਨੌਕਰੀ ਤੋਂ ਹੀ ਕੱਢ ਦਿੱਤਾ ਅਤੇ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਮੈਂ ਰਿਕ ਬਰਾਈਟ ਨੂੰ ਜਾਣਦਾ ਤੱਕ ਨਹੀਂ। ਕਾਰਨ ਬੱਸ ਇਹ ਸੀ ਕਿ ਇਨ੍ਹਾਂ ਲੋਕਾਂ ਵੱਲੋਂ ਕਹੇ ਗਏ ਸ਼ਬਦ ਰਾਸ਼ਟਰਪਤੀ ਟਰੰਪ ਦੀ ਕੂਟਨੀਤੀ ਦੇ ਮੁਤਾਬਕ ਨਹੀਂ ਸੀ। ਉਸ ਦੀ ਕੂਟਨੀਤੀ ਤੇ ਦੇਸ਼ ਵਿਚ ਅਗਲੇ ਦਿਨੀਂ ਹੋਣ ਜਾ ਰਹੀ ਰਾਸ਼ਟਰਪਤੀ ਚੋਣ ਨੀਤੀ ਦੀਆਂ ਲੋੜਾਂ ਇਸ ਵੇਲੇ ਵੀ ਭਾਰੂ ਹਨ।


ਭਾਰਤ ਵਿੱਚ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਇਸ ਵਕਤ ਤੱਕ ਆਪਣੇ ਲੋਕਾਂ ਨੂੰ ਕੋਰੋਨਾ ਦੀ ਇਸ ਬਿਮਾਰੀ ਤੋਂ ਬਚਾਉਣ ਲਈ ਜਿੰਨੇ ਪ੍ਰਬੰਧ ਕਰ ਰਹੀਆਂ ਹਨ, ਆਮ ਤੌਰ ਉੱਤੇ ਉਹ ਠੀਕ ਹਨ। ਹਰ ਗੱਲ ਦੀ ਨੁਕਤਾਚੀਨੀ ਕਰਨ ਵਾਲੇ ਲੋਕਾਂ ਨੂੰ ਛੱਡ ਲਈਏ ਤਾਂ ਬਹੁਤੇ ਲੋਕਾਂ ਦੀ ਰਾਏ ਹੈ ਕਿ ਮੁੱਢ ਵਿੱਚ ਬੇਸ਼ੱਕ ਲਾਕਡਾਊਨ ਅਤੇ ਕਰਫਿਊ ਦੋਵੇਂ ਹੱਦੋਂ ਬਾਹਰੇ ਨੰਬਰ ਬਣਾਉਣ ਲਈ ਚੁੱਕੇ ਕਦਮ ਜਾਪਦੇ ਸਨ, ਸਮੇਂ ਨੇ ਸਾਬਤ ਕਰ ਦਿੱਤਾ ਕਿ ਇਹ ਕੁਝ ਨਾ ਕੀਤਾ ਜਾਂਦਾ ਤਾਂ ਜਿਹੜਾ ਹਾਲ ਮਹਾਰਾਸ਼ਟਰ ਦਾ ਹੋਇਆ ਹੈ, ਉਸ ਤੋਂ ਵੱਧ ਪੰਜਾਬ ਵਿੱਚ ਹੋ ਜਾਣਾ ਸੀ। ਭਾਰਤ ਵਿੱਚ ਬਿਮਾਰੀ ਅਜੇ ਤੱਕ ਵੀ ਓਨੀ ਬੁਰੀ ਤਰ੍ਹਾਂ ਪੈਰ ਨਹੀਂ ਪਸਾਰ ਸਕੀ, ਜਿੰਨੀ ਲਾਕਡਾਊਨ ਨਾ ਲੱਗਣ ਤੇ ਵਿਦੇਸ਼ੀ ਉਡਾਣਾਂ ਬੰਦ ਨਾ ਕਰਨ ਦੀ ਸੂਰਤ ਵਿੱਚ ਫੈਲ ਸਕਦੀ ਸੀ। ਪਹਿਲੇ ਦਿਨਾਂ ਵਿੱਚ ਪੁਲਸ ਦੀ ਸਖਤੀ ਦਾ ਲੋਕਾਂ ਦੀ ਬੇਇੱਜ਼ਤੀ ਕਰਨ ਵਾਲਾ ਪੁਰਾਣਾ ਢੰਗ ਕਿਸੇ ਨੂੰ ਵੀ ਪਸੰਦ ਨਹੀਂ ਸੀ, ਅਸੀਂ ਵੀ ਇਸ ਦੇ ਖਿਲਾਫ ਸਾਂ ਤੇ ਬਹੁਤ ਸਾਰੇ ਲੋਕਾਂ ਨੇ ਵੀ ਵੱਡੇ ਪੱਧਰ ਉੱਤੇ ਇਸ ਦਾ ਵਿਰੋਧ ਕੀਤਾ ਸੀ, ਪਰ ਜਦੋਂ ਇਸ ਤਰ੍ਹਾਂ ਦੀ ਸਖਤੀ ਤੋਂ ਰਾਜ ਸਰਕਾਰ ਨੇ ਵਰਜ ਦਿੱਤਾ, ਉਸ ਤੋਂ ਬਾਅਦ ਸਮਝਾਊ ਮੁਹਿੰਮ ਦਾ ਅਸਰ ਕੋਈ ਖਾਸ ਦਿਖਾਈ ਨਹੀਂ ਦੇ ਰਿਹਾ। ਕਿਸੇ ਨਾ ਕਿਸੇ ਬਹਾਨੇ ਲੋਕ ਅਜੇ ਵੀ ਬਾਜ਼ਾਰਾਂ ਵਿੱਚ ਨਿਕਲ ਪੈਂਦੇ ਹਨ ਤੇ ਅੱਗੇ ਜਾ ਕੇ ਢਾਣੀਆਂ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ। ਭਾਰਤ ਵਿੱਚ ਦੋ ਮਾਰਚ ਨੂੰ ਪਹਿਲੀ ਵਾਰ ਤਿੰਨ ਕੇਸ ਪਤਾ ਲੱਗਣ ਦੇ ਨਾਲ ਸ਼ੁਰੂਆਤ ਹੋਈ ਤੇ ਬਾਰਾਂ ਮਾਰਚ ਨੂੰ ਪਹਿਲੀ ਮੌਤ ਹੋਈ ਸੀ। ਓਸੇ ਵਕਤ ਲਾਕਡਾਊਨ ਕਰ ਦੇਣ ਸਦਕਾ ਕੇਸਾਂ ਅਤੇ ਮੌਤਾਂ ਦੋਵਾਂ ਪੱਖਾਂ ਤੋਂ ਇਹ ਦੇਸ਼ ਕਾਫੀ ਹੱਦ ਤੱਕ ਬਚਿਆ ਹੋਇਆ ਹੈ। ਅਮਰੀਕਾ ਵਿੱਚ ਪਹਿਲੀ ਮਾਰਚ ਦੇ ਦਿਨ, ਭਾਰਤ ਤੋਂ ਛੇ ਦਿਨ ਪਹਿਲਾਂ ਕੋਰੋਨਾ ਵਾਇਰਸ ਨਾਲ ਪਹਿਲੀ ਮੌਤ ਹੋਈ ਸੀ ਤੇ ਫਿਰ ਉਹ ਕੋਰੋਨਾ ਦੀਆਂ ਮੌਤਾਂ ਦੇ ਮਾਮਲੇ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਪੀੜਤ ਦੇਸ਼ ਬਣਦਾ ਗਿਆ। ਉਸ ਦੇਸ਼ ਵਿੱਚ ਜਦੋਂ ਪੰਜਾਹ ਹਜ਼ਾਰ ਤੋਂ ਵੱਧ ਮੌਤਾਂ ਹੋ ਚੁੱਕੀਆਂ ਸਨ, ਓਦੋਂ ਭਾਰਤ ਵਿੱਚ ਅੱਠ ਸੌ ਤੋਂ ਹੇਠਾਂ ਸਨ। ਵੇਲੇ ਸਿਰ ਚੁੱਕੇ ਗਏ ਕਦਮਾਂ ਨੇ ਬਚਾਅ ਕੀਤਾ ਤਾਂ ਦਿੱਸਦਾ ਹੀ ਹੈ।

ਸਾਡੇ ਪੰਜਾਬ ਵਿੱਚ ਇਸ ਦੌਰਾਨ ਵੀਹ ਤੋਂ ਘੱਟ ਮੌਤਾਂ ਹੋਈਆਂ ਅਤੇ ਕੇਸਾਂ ਦੀ ਗਿਣਤੀ ਤਿੰਨ ਸੌ ਤੱਕ ਪਹੁੰਚੀ ਹੈ ਤਾਂ ਏਥੇ ਵੀ ਸਰਕਾਰ ਅਤੇ ਬਾਕੀ ਸਭ ਧਿਰਾਂ ਦੇ ਸਹਿਯੋਗ ਦਾ ਅਸਰ ਮੰਨਿਆ ਜਾ ਸਕਦਾ ਹੈ। ਜਲੰਧਰ ਤੇ ਮੋਹਾਲੀ ਦੇ ਦੋ ਜ਼ਿਲਿਆਂ ਵਿੱਚ ਹਾਲਤ ਗੰਭੀਰ ਹੈ, ਪਰ ਜਿਹੜੇ ਨਵਾਂ ਸ਼ਹਿਰ ਤੋਂ ਬਿਮਾਰੀ ਸ਼ੁਰੂ ਹੋਈ ਸੀ, ਉਸ ਵੱਲੋਂ ਫਿਰ ਇੱਕ ਵੀ ਮੌਤ ਦੀ ਖਬਰ ਨਹੀਂ ਆਈ ਤੇ ਜਿਹੜੇ ਅਠਾਰਾਂ ਲੋਕ ਇਸ ਦੀ ਲਾਗ ਨਾਲ ਹਸਪਤਾਲ ਪਹੁੰਚੇ ਸਨ, ਉਨ੍ਹਾਂ ਨੂੰ ਠੀਕ ਕਰ ਕੇ ਘਰੀਂ ਭੇਜ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਜਿਹੜੇ ਜ਼ਿਲੇ ਬਿਮਾਰੀ ਤੋਂ ਬਚੇ ਹੋਏ ਦੱਸੇ ਹਨ, ਉਨ੍ਹਾਂ ਵਿੱਚ ਨੌਂ ਜ਼ਿਲੇ ਪੰਜਾਬ ਦੇ ਦਰਜ ਹਨ। ਇਹ ਵੀ ਰਾਜ ਸਰਕਾਰ ਦੇ ਯਤਨਾਂ ਅਤੇ ਲੋਕਾਂ ਦੇ ਸਹਿਯੋਗ ਦਾ ਸਿੱਟਾ ਹੈ।

ਫਿਰ ਵੀ ਕੇਰਲਾ ਤੇ ਓਡੀਸ਼ਾ ਦੋ ਰਾਜਾਂ ਵਿੱਚ ਜਿਵੇਂ ਇਸ ਬਿਮਾਰੀ ਨੂੰ ਠੱਲ੍ਹਿਆ ਗਿਆ, ਉਸ ਦੀ ਹਰ ਕੋਈ ਦਾਦ ਦੇਂਦਾ ਹੈ। ਕੇਰਲਾ ਦੇ ਲੋਕ ਪੜ੍ਹੇ-ਲਿਖੇ ਅਤੇ ਡਿਸਿਪਲਿਨ ਮੰਨਣ ਵਾਲੇ ਹਨ। ਉਸ ਰਾਜ ਦੀ ਸਿਹਤ ਮੰਤਰੀ ਬੀਬੀ ਸ਼ੈਲਜਾ ਬਾਰੇ ਵੀ ਹਰ ਪਾਸਿਓਂ ਸਿਫਤਾਂ ਸੁਣਦੀਆਂ ਹਨ ਕਿ ਉਸ ਨੇ ਰਾਤ ਦਿਨ ਬਹੁਤ ਕੰਮ ਕੀਤਾ ਹੈ ਤੇ ਰਿਲੀਫ ਦੇ ਕੰਮਾਂ ਵਿੱਚ ਆਪਣੇ ਕਾਮਰੇਡਾਂ ਦੇ ਨਾਲ ਕਾਂਗਰਸੀਆਂ ਹੀ ਨਹੀਂ, ਭਾਜਪਾ ਅਤੇ ਆਰ ਐੱਸ ਐੱਸ ਵਾਲਿਆਂ ਨੂੰ ਵੀ ਜੋੜ ਕੇ ਨਤੀਜੇ ਕੱਢੇ ਹਨ। ਇਸ ਰਾਜ ਦੇ ਨਾਲ ਹੀ ਮਹਾਰਾਸ਼ਟਰ ਵਿੱਚ ਬਿਮਾਰੀ ਦੀ ਸ਼ੁਰੂਆਤ ਹੋਈ ਸੀ, ਓਥੇ ਇਹ ਸਤਰਾਂ ਲਿਖਣ ਤੱਕ ਮੌਤਾਂ ਦੀ ਗਿਣਤੀ ਤਿੰਨ ਸੌ ਟੱਪ ਚੁੱਕੀ ਹੈ ਤੇ ਕੇਰਲਾ ਵਿੱਚ ਮੁੱਢਲੇ ਦਿਨਾਂ ਵਿੱਚ ਹੋਈਆਂ ਤਿੰਨ ਮੌਤਾਂ ਤੋਂ ਅੱਗੇ ਨਹੀਂ ਵਧ ਸਕੀ। ਪਹਿਲਾਂ ਨਿਪਾਹ ਦੇ ਵਾਇਰਸ ਵੇਲੇ ਵੀ ਉਸ ਰਾਜ ਵਿੱਚ ਏਸੇ ਲਈ ਵੱਡਾ ਨੁਕਸਾਨ ਨਹੀਂ ਸੀ ਹੋਇਆ ਕਿ ਰਾਜ ਸਰਕਾਰ ਨੇ ਵੇਲੇ ਸਿਰ ਕਦਮ ਚੁੱਕੇ ਸਨ ਅਤੇ ਲੋਕਾਂ ਨੇ ਰਾਜਸੀ ਮੱਤਭੇਦ ਲਾਂਭੇ ਰੱਖ ਕੇ ਸਰਕਾਰ ਦਾ ਸਹਿਯੋਗ ਕੀਤਾ ਸੀ। ਓਡੀਸ਼ਾ ਵਿੱਚ ਮੁੱਖ ਮੰਤਰੀ ਨਵੀਨ ਪਟਨਾਇਕ ਮੀਡੀਏ ਵਿੱਚ ਖਾਸ ਝਲਕਦਾ ਨਹੀਂ, ਪਰ ਉਸ ਨੇ ਬਿਮਾਰੀ ਰੋਕਣ ਲਈ ਆਪਣੀ ਸਰਕਾਰ ਨੂੰ ਇਸ ਤਰ੍ਹਾਂ ਸਰਗਰਮ ਕੀਤਾ ਹੈ ਕਿ ਇਹ ਸਤਰਾਂ ਲਿਖਣ ਵੇਲੇ ਤੱਕ ਗੁਜਰਾਤ ਵਿੱਚ ਮੌਤਾਂ ਦੀ ਗਿਣਤੀ ਜਦੋਂ ਸਵਾ ਸੌ ਟੱਪ ਚੁੱਕੀ ਹੈ, ਮੱਧ ਪ੍ਰਦੇਸ਼ ਵਿੱਚ ਸੌ ਦੇ ਨੇੜੇ ਜਾ ਪਹੁੰਚੀ ਹੈ, ਓਡੀਸ਼ਾ ਵਿੱਚ ਸਿਰਫ ਨੱਬੇ ਕੇਸ ਤੇ ਇੱਕ ਮੌਤ ਤੋਂ ਬਿਮਾਰੀ ਅੱਗੇ ਨਹੀਂ ਵਧ ਸਕੀ। ਇਹ ਸਭ ਉਸ ਮੁੱਖ ਮੰਤਰੀ ਦੀ ਯੋਗ ਅਗਵਾਈ ਦਾ ਸਿੱਟਾ ਹੈ।

ਇਸ ਮੌਕੇ ਅਸੀਂ ਸਾਰੇ ਸੰਸਾਰ ਦੇ ਦ੍ਰਿਸ਼ ਉੱਤੇ ਵੀ ਝਾਤ ਮਾਰੀਏ ਤਾਂ ਸੰਕਟ ਦੇ ਸਮੇਂ ਸਭ ਤੋਂ ਲਾਪਰਵਾਹ ਕਿਸਮ ਦਾ ਵਿਹਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਦਿਖਾਈ ਦੇਂਦਾ ਹੈ। ਉਸ ਨੇ ਪਹਿਲਾਂ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਸੀ ਕਿ ਲੱਖ-ਦੋ ਲੱਖ ਮੌਤਾਂ ਹੋਣ ਪਿੱਛੋਂ ਵੀ ਜੇ ਅਸੀਂ ਕੰਟਰੋਲ ਕਰ ਲਈਏ ਤਾਂ ਇਹ ਸਰਕਾਰ ਦੀ ਕਾਮਯਾਬੀ ਹੋਵੇਗੀ। ਕਹਿਣ ਤੋਂ ਭਾਵ ਕਿ ਸ਼ੁਰੂ ਵਿੱਚ ਹੀ ਉਸ ਨੇ ਲੋਕਾਂ ਨੂੰ ਲੱਖ-ਦੋ ਲੱਖ ਮੌਤਾਂ ਹੋਣ ਬਾਰੇ ਤਿਆਰ ਰਹਿਣ ਲਈ ਓਦੋਂ ਕਹਿ ਦਿੱਤਾ ਸੀ, ਜਦੋਂ ਅਜੇ ਉਸ ਦੇਸ਼ ਵਿੱਚ ਕੁੱਲ ਮੌਤਾਂ ਦੀ ਗਿਣਤੀ ਪੰਜ ਹਜ਼ਾਰ ਨਹੀਂ ਸੀ ਹੋਈ ਤੇ ਇਹੀ ਕਾਰਨ ਹੈ ਕਿ ਜਦੋਂ ਮੌਤਾਂ ਦੀ ਗਿਣਤੀ ਅੱਧੇ ਲੱਖ ਤੋਂ ਵੀ ਟੱਪ ਗਈ ਤਾਂ ਓਥੇ ਰੌਲਾ ਨਹੀਂ ਪਿਆ ਕਿ ਰਾਸ਼ਟਪਤੀ ਨੇ ਮੌਤਾਂ ਬਾਰੇ ਅਗੇਤਾ ਹੀ ਇੱਕ ਗੋਲ ਮਿਥ ਦਿੱਤਾ ਸੀ, ਜਿੱਥੋਂ ਤੱਕ ਸੋਚਣ ਦੀ ਬਹੁਤੀ ਲੋੜ ਨਹੀਂ ਸੀ ਰਹਿੰਦੀ। ਅੱਧਾ ਲੱਖ ਮੌਤਾਂ ਹੋਣ ਵਾਲੇ ਦਿਨ ਵੀ ਉਹ ਵਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿੱਚ ਸੈਨੇਟਾਈਜ਼ਰ ਦੇ ਟੀਕੇ ਲਾਉਣ ਦੀ ਗੱਲ ਕਹਿੰਦਾ ਤੇ ਮਜ਼ਾਕ ਕਰਦਾ ਪਿਆ ਸੀ। ਸੰਸਾਰ ਭਰ ਦੀਆਂ ਕੁੱਲ ਮੌਤਾਂ ਦੇ ਚੌਥੇ ਹਿੱਸੇ ਤੋਂ ਵੱਧ ਜਿਹੜੇ ਦੇਸ਼ ਇਕੱਲੇ ਵਿੱਚ ਹੀ ਹੋਈਆਂ ਹੋਣ, ਉਸ ਦੇ ਰਾਸ਼ਟਰਪਤੀ ਨੂੰ ਤਾਂ ਰਾਤਾਂ ਨੂੰ ਨੀਂਦ ਨਹੀਂ ਆਉਣੀ ਚਾਹੀਦੀ, ਪਰ ਟਰੰਪ ਨੂੰ ਮਜ਼ਾਕ ਸੁੱਝਦੇ ਹਨ।

ਦੁਨੀਆ ਭਰ ਦੇ ਲੋਕਾਂ ਨੂੰ ਤਰੇਲੀਆਂ ਲਿਆ ਦੇਣ ਅਤੇ ਲਾਸ਼ਾਂ ਦੇ ਢੇਰ ਲਾ ਦੇਣ ਵਾਲੀ ਇਹੋ ਜਿਹੀ ਬਿਮਾਰੀ ਸੰਸਾਰ ਦੇ ਲੋਕਾਂ ਸਿਰ ਪਹਿਲੀ ਵਾਰ ਪਈ ਹੈ। ਇਸ ਨਾਲ ਸਿੱਝਣ ਲਈ ਸੰਜੀਦਗੀ ਦੀ ਲੋੜ ਹੈ। ਸੰਸਾਰ ਦੀ ਪੰਚਾਇਤ ਯੂ ਐੱਨ ਓ ਇਸ ਕੰਮ ਵਿੱਚ ਕੋਈ ਨਰੋਈ ਸਿਹਤ ਦੇਣ ਵਿੱਚ ਕਾਮਯਾਬ ਨਹੀਂ ਹੋਈ। ਉਸ ਵਿੱਚ ਵੀ ਕਮੀਆਂ ਹਨ। ਅਣਦਿੱਸਦੇ ਦੁਸ਼ਮਣ, ਵਾਇਰਸ, ਨਾਲ ਹੋ ਰਹੀ ਇਸ ਨਿਵੇਕਲੀ ਜੰਗ ਵਿੱਚ ਸਿਰੜ ਤੇ ਸੰਜੀਦਗੀ ਦੋਵਾਂ ਦੀ ਲੋੜ ਹੈ।




## ਜਦ 'ਘੋੜੀ' ਦੇ ਬਿੱਲ ਨੇ ਸਾਡੇ ਹੋਸ਼ ਉਡਾਏ

-ਜਸਮੇਰ ਢੱਟ-

ਸੰਨ 1993 ਦੇ ਅਕਤੂਬਰ ਮਹੀਨੇ ਦੀ ਤਿੰਨ ਤਰੀਕ। ਸਮਾਂ ਸ਼ਾਮ ਲਗਪਗ ਪੰਜ ਵਜੇ ਦਾ। ਨਹਿਰੂ ਸਿਧਾਂਤ ਕੇਂਦਰ ਲੁਧਿਆਣਾ ਦੁਲਹਨ ਵਾਂਗ ਸਜਿਆ ਹੋਇਆ। ਅਜਿਹਾ ਇਸ ਲਈ ਕਿ ਅੱਜ ਸੱਭਿਆਚਾਰਕ ਸੱਥ ਪੰਜਾਬ ਦਾ ਪਹਿਲਾ 'ਮਿਸ ਪੰਜਾਬਣ' ਮੁਕਾਬਲਾ ਹੋਣ ਵਾਲਾ ਸੀ। ਸਾਰੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ। ਅਹੁਦੇਦਾਰ, ਮੈਂਬਰ ਆਪਣੀਆਂ ਡਿਊਟੀਆਂ ਨੂੰ ਨਿਭਾਉਣ ਦੀਆਂ ਤਿਆਰੀਆਂ ਕਰ ਰਹੇ ਹਨ।

ਸੰਸਥਾ ਦਾ ਚੇਅਰਮੈਨ ਤੇ ਸ਼ੋਅ ਦਾ ਨਿਰਦੇਸ਼ਕ ਹੋਣ ਕਾਰਨ ਖ਼ੁਸ਼ੀ ਵਿੱਚ ਮੇਰੇ ਪੱਬ ਭੁੰਜੇ ਨਹੀਂ ਲੱਗ ਰਹੇ ਸਨ, ਪਰ ਸਾਰਾ ਕਾਰਜ ਨਿਰਵਿਘਨ ਸੰਪੂਰਨ ਹੋਣ ਦੀ ਚਿੰਤਾ ਸਤਾ ਰਹੀ ਹੈ। ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਮੈਂ ਲਗਾਤਾਰ ਸਟੇਜ, ਗਰੀਨ ਰੂਮ, ਦਰਸ਼ਕ ਗੈਲਰੀ ਤੇ ਐਂਟਰੀ ਦਰਵਾਜ਼ਿਆਂ ਤੇ ਹਾਲ ਵੱਲ ਵਾਰ-ਵਾਰ ਚੱਕਰ ਲਾ ਰਿਹਾ ਸਾਂ। ਆਮ ਦਰਸ਼ਕ ਦੇ ਪੀਣ ਲਈ ਪਾਣੀ ਤੋਂ ਲੈ ਕੇ ਮੁੱਖ ਮਹਿਮਾਨ ਦੀ ਆਓ-ਭਗਤ ਤੇ ਸਟੇਜ ਦੀ ਕਾਰਵਾਈ ਤੱਕ ਦੇ ਬੋਝ ਮੈਂ ਆਪਣੇ ਮੋਢਿਆਂ ਉੱਤੇ ਲੈ ਰੱਖੇ ਸਨ। ਮੈਂ ਵੀ ਆਈ ਪੀ ਗੇਟ ਉੱਤੇ ਪੁੱਜਦਾ ਹਾਂ ਤਾਂ ਇੰਨੇ ਨੂੰ ਸੰਸਥਾ ਦਾ ਖ਼ਜ਼ਾਨਚੀ ਜਸਮੇਲ ਪ੍ਰੀਤ ਦਾੜ੍ਹੀ ਉੱਤੇ ਠਾਠਾ ਬੰਨ੍ਹੀ ਮਿਲਦਾ ਹੈ। ਉਸ ਨੇ ਕੱਛ ਵਿਚ ਕਾਲੇ ਰੰਗ ਦਾ ਛੋਟਾ ਬੈਗ ਘੁੱਟਿਆ ਹੋਇਆ ਹੈ ਜਿਸ ਵਿਚ ਫੰਡ ਵਜੋਂ ਆਇਆ ਕੈਸ਼, ਚੈੱਕ ਅਤੇ ਰਸੀਦ ਬੁੱਕ ਹੈ। ਮੈਂ ਉਸ ਨੂੰ ਪੁੱਛਿਆ, "ਜਸਮੇਲ! ਘੋੜੀ ਕਦੋਂ ਆ ਰਹੀ ਹੈ?"

"ਢੱਟ ਸਾਬ੍ਹ! ਚਿੰਤਾ ਨਾ ਕਰੋ। ਤੁਸੀਂ ਮੇਰੀ ਜੋ ਵੀ ਡਿਊਟੀ ਲਾਈ ਹੈ, ਸਾਰੇ ਕੰਮ ਪੂਰੇ ਹੋਏ ਲਇਓ।" ਇਕ ਵਾਰ ਤਾਂ ਖ਼ਜ਼ਾਨਚੀ ਨੇ ਮੇਰੀ ਤਸੱਲੀ ਕਰਵਾ ਦਿੱਤੀ। ਇੰਨੇ ਨੂੰ ਹਾਲ ਅੰਦਰ ਸਾਊਂਡ ਵਾਲੇ ਨੇ ਮਾਈਕ ਉੱਤੇ 'ਹੈਲੋ ਮਾਈਕ ਟੈਸਟਿੰਗ ਹੈਲੋ' ਸ਼ੁਰੂ ਕਰ ਦਿੱਤੀ। ਮੈਂ ਆਪ 'ਸਾਊਂਡ' ਚੈੱਕ ਕਰਨ ਲਈ ਸਟੇਜ ਵੱਲ ਹੋ ਲਿਆ। ਸਾਰਿਆਂ ਨੂੰ ਡਿਊਟੀ ਸਮਝਾ ਕੇ ਲਗਪਗ ਅੱਧੇ ਘੰਟੇ ਬਾਅਦ ਮੈਂ ਬੰਦ ਮੇਨ ਗੇਟ ਉੱਤੇ ਦਰਸ਼ਕਾਂ ਦੀ ਭੀੜ ਦਾ ਜਾਇਜ਼ਾ ਲੈਣ ਪੁੱਜ ਗਿਆ, ਜਿੱਥੇ ਜਸਮੇਲ 'ਦਰਸ਼ਕਾਂ' ਨੂੰ ਹੌਸਲਾ ਦੇ ਰਿਹਾ ਸੀ ਕਿ ਥੋੜ੍ਹੀ ਦੇਰ ਉਡੀਕ ਕਰੋ। ਚੇਅਰਮੈਨ ਸਾਬ੍ਹ ਤੋਂ ਪੁੱਛ ਕੇ ਗੇਟ ਖੁਲ੍ਹਵਾਉਂਦੇ ਹਾਂ। ਮੈਨੂੰ ਵੇਖ ਕੇ ਪੁੱਛਣ ਤੋਂ ਪਹਿਲਾਂ ਹੀ ਜਸਮੇਲ ਨੇ ਯਕੀਨ ਦਿਵ-ਾਇਆ, 'ਮੇਰੀ ਫੋਨ ਉੱਤੇ ਬੰਦੇ ਨਾਲ ਗੱਲ ਹੋ ਗਈ ਹੈ। ਉਹ ਰਸਤੇ ਵਿੱਚ ਹੈ। ਲਓ ਜੀ! ਉਹ ਆ ਰਿਹਾ ਘੋੜੀ ਲੈ ਕੇ।'

'ਓ ਕੇ' ਕਹਿ ਕੇ ਮੈਂ ਜਨਰੇਟਰ ਵਾਲੇ ਦਾ ਤੇਲ-ਪਾਣੀ ਚੈੱਕ ਕਰਨ ਚਲਾ ਗਿਆ। ਸਾਰੇ ਦਰਸ਼ਕ ਤਕਰੀਬਨ ਸੀਟਾਂ ਉੱਤੇ ਬੈਠ ਕੇ ਸ਼ੋਅ ਸ਼ੁਰੂ ਹੋਣ ਦੇ ਲਈ ਉਡੀਕ ਵਿਚ ਸਨ। ਮੈਂ ਪ੍ਰੋ. ਗੁਰਭਜਨ ਗਿੱਲ ਨੂੰ ਮੂਹਰਲੀ ਕਤਾਰ ਵਿੱਚ ਸੋਫੇ ਉੱਤੇ ਬਿਰਾਜਮਾਨ ਹੋਣ ਲਈ ਕਹਿ ਰਿਹਾ ਸੀ ਕਿ ਜਸਮੇਲ ਨੇ ਤੇਜ਼ੀ ਨਾਲ ਆ ਕੇ ਮੈਨੂੰ ਦੱਸਿਆ, 'ਢੱਟ ਸਾਬ੍ਹ! ਬਾਹਰ ਘੋੜੀ ਆ ਗਈ ਹੈ।'

ਮੈਂ ਤੁਰੰਤ ਕਿਹਾ, 'ਅੰਦਰ ਲੈ ਆਓ।' ਇਸ ਤੋਂ ਪਹਿਲਾਂ ਕਿ ਮੈਂ ਉਸ ਦੇ ਚਿਹਰੇ ਦੇ ਹਾਵ-ਭਾਵ ਪੜ੍ਹਦਾ, ਨਿਰਮਲ ਜੌੜਾ ਮੈਨੂੰ ਬਾਹ ਤੋਂ ਫੜ ਵੀ ਆਈ ਪੀ ਗੇਟ ਨੂੰ ਲੈ ਤੁਰਿਆ। ਉਹ ਕਹਿ ਰਿਹਾ ਸੀ, 'ਢੱਟ ਸਾਬ੍ਹ! ਬਾਹਰ ਮੁੱਖ ਮਹਿਮਾਨ ਡੀ ਆਈ ਜੀ ਚੰਦਰ ਸ਼ੇਖਰ ਤੇ ਗਾਇਕਾ ਜਸਪਿੰਦਰ ਨਰੂਲਾ ਖੜ੍ਹੇ ਉਡੀਕੀ ਜਾਂਦੇ ਨੇ। ਆਓ! ਉਨ੍ਹਾਂ ਨੂੰ ਲਿਆ ਕੇ ਪ੍ਰੋਗਰਾਮ ਸ਼ੁਰੂ ਕਰਵਾਈਏ।'

ਮੈਂ ਮਹਿਮਾਨਾਂ ਦਾ ਸਵਾਗਤ ਕਰਨ ਅਤੇ ਸਟੇਜ ਦੀ ਕਾਰਵਾਈ ਵਿੱਚ ਰੁੱਝ ਗਿਆ। ਖ਼ੈਰ! ਪਹਿਲਾ 'ਮਿਸ ਪੰਜਾਬਣ' ਮੁਕਾਬਲਾ ਆਸ ਤੋਂ ਵੱਧ ਸਫਲਤਾ ਨਾਲ ਸੰਪੂਰਨ ਹੋ ਗਿਆ ਅਤੇ 'ਘੋੜੀ' ਵਾਲੀ ਗੱਲ ਆਈ ਗਈ ਹੋ ਗਈ।

ਦਰਸ਼ਕਾਂ ਦੀਆਂ ਵਧਾਈਆਂ ਕਬੂਲਦਿਆਂ ਅਤੇ ਥਕਾਵਟ ਲਾਹੁੰਦਿਆਂ ਪਤਾ ਹੀ ਨਹੀਂ ਲੱਗਾ ਕਿ ਹਫ਼ਤਾ ਕਦੋਂ ਲੰਘ ਗਿਆ। ਫਿਰ ਇਕ ਸ਼ਾਮ ਮੈਂ, ਨਿਰਮਲ ਜੌੜਾ ਅਤੇ ਗੁਰਦੇਵ ਪੁਰਬਾ ਤਿੰਨੇ ਜਸਮੇਲ ਦੇ ਗਿੱਲ ਰੋਡ ਵਾਲੇ ਟੂਰ ਐਂਡ ਟਰੈਵਲ ਦਫ਼ਤਰ ਵਿਚ ਇਕੱਠੇ ਹੋ ਗਏ। ਪੰਨਾ ਸਿੰਘ ਦੇ ਪਨੀਰ ਦੇ ਪਕੌੜਿਆਂ ਨੂੰ ਚਟਨੀ ਨਾਲ ਚਟਕਾਰੇ ਲਾ ਕੇ ਖਾਂਦੇ ਅਸੀਂ 'ਸ਼ੋਅ' ਦੇ ਕੌੜੇ-ਮਿੱਠੇ ਤਜਰਬੇ ਸਾਂਝੇ ਕਰ ਰਹੇ ਸੀ ਤਾਂ ਜਸਮੇਲ ਨੇ ਸ਼ੋਅ ਦੇ ਖ਼ਰਚੇ ਦੇ ਬਿੱਲਾਂ ਦੀ ਫਾਈਲ ਮੇਰੇ ਅੱਗੇ ਧਰ ਦਿੱਤੀ। ਬਿੱਲ ਫੋਲਦਿਆਂ ਇਕ ਬਿੱਲ ਅਜਿਹਾ ਸੀ, ਜਿਸ ਉੱਤੇ ਵਿਆਹ ਵਾਲੀ ਸ਼ਿੰਗਾਰੀ ਘੋੜੀ ਦੀ ਫੋਟੋ ਲੱਗੀ ਹੋਈ ਸੀ। ਉਸ ਨੂੰ ਦੇਖ ਕੇ ਮੇਰੀਆਂ ਨਜ਼ਰਾਂ ਇਕਦਮ ਰੁਕ ਗਈਆਂ। 'ਆਹ ਕਾਹਦਾ ਬਿੱਲ ਖ਼ਜ਼ਾਨਚੀ ਸਾਬ੍ਹ?' ਮੈਂ ਹੈਰਾਨ ਹੁੰਦੇ ਨੇ ਪੁੱਛਿਆ।

'ਢੱਟ ਸਾਬ੍ਹ! ਤੁਸੀਂ ਆਪ ਹੀ ਮੰਗਾਈ ਸੀ ਘੋੜੀ। ਉਹ ਵਿਚਾਰਾ ਚਾਰ ਘੰਟੇ ਬਾਹਰ ਖੜ੍ਹਾ ਰਿਹਾ।' ਉਸ ਦਾ ਜਵਾਬ ਸੁਣ ਕੇ ਮੈਂ ਹੱਸ-ਹੱਸ ਕੇ ਦੂਹਰਾ ਹੋਣ ਲੱਗਾ। ਉਹ ਤਿੰਨੇ ਮੇਰੇ ਵੱਲ ਹੈਰਾਨੀ ਨਾਲ ਤੱਕ ਰਹੇ ਸਨ।

ਮੈਂ ਉਨ੍ਹਾਂ ਨੂੰ ਕਿਹਾ, 'ਭਲਿਓ ਲੋਕੋ, ਮੈਂ ਤਾਂ ਰੰਗ-ਰੋਗਨ ਕਰਨ ਵਾਲੀ ਘੋੜੀ ਮੰਗਵਾਈ ਸੀ ਤਾਂ ਕਿ ਵੀਡੀਓ ਵਾਲਾ ਉਸ ਉੱਤੇ ਬੈਠ ਕੇ ਸਟੇਜ ਦੀ ਕਾਰਵਾਈ ਦੀ ਫਿਲਮ ਬਣਾ ਸਕੇ। ਪਿਛਲੇ ਸ਼ੋਅ ਵੇਲੇ ਵੀਡੀਓ ਵਿੱਚ ਸਟੇਜ ਮੂਹਰੇ ਤੁਰੇ ਫਿਰਦੇ ਬੰਦਿਆਂ ਦੇ ਸਿਰ ਦਿਸਦੇ ਸਨ।' ਗੱਲ ਪੂਰੀ ਹੁੰਦਿਆਂ ਹੀ ਪਕੌੜੇ ਸਾਡੇ ਗਲਾਂ ਵਿੱਚ ਫਸ ਗਏ। ਉਹ ਹਾਸੇ ਕਾਰਨ ਨਾ ਅੰਦਰ ਲੰਘ ਰਹੇ ਸਨ ਅਤੇ ਨਾ ਬਾਹਰ ਆ ਰਹੇ ਸਨ।

## ਵਿਅੰਗ

## ਸੈਨੇਟਾਈਜ਼ਰ ਵਾਲੀ ਬਾਰਿਸ਼ ਦੀ ਉਡੀਕ

-ਡਾਕਟਰ ਅਲੋਕ ਸਕਸੈਨਾ

ਅਜੇ ਮੈਂ ਨੀਂਦ ਦੀ ਦੇਵੀ ਦੀ ਬੁੱਕਲ ਵਿੱਚ ਹੀ ਆਇਆ ਸੀ ਕਿ ਸੁਫਨੇ ਵਿੱਚ ਮੈਨੂੰ ਚਿਤਰਗੁਪਤ ਦਿਖਾਈ ਦਿੱਤੇ। ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਸਨ। ਚਿਤਰਗੁਪਤ ਨੂੰ ਚਿੰਤਾ ਵਿੱਚ ਪਿਆ ਦੇਖ ਕੇ ਯਮਰਾਜ ਪ੍ਰਗਟ ਹੋਏ ਤੇ ਬੋਲੇ, "ਕੀ ਗੱਲ ਹੈ ਚਿਤਰਗੁਪਤ? ਧਰਤੀ ਲੋਕ ਦੀ ਕੋਈ ਸਮੱਸਿਆ ਹੈ?"

"ਜੀ, ਚਿੰਤਾ ਦੀ ਗੱਲ ਇਹ ਹੈ ਕਿ ਅਜੇ ਤੱਕ ਮੈਂ ਆਪਣੇ ਕੋਲ ਆਉਣ ਵਾਲੀਆਂ ਰੂਹਾਂ ਦਾ ਲੇਖਾ ਜੋਖਾ ਆਸਾਨੀ ਨਾਲ ਪੂਰਾ ਕਰ ਲਿਆ ਕਰਦਾ ਸੀ। ਅੱਜਕੱਲ੍ਹ ਧਰਤੀ 'ਤੇ ਕੋਰੋਨਾ ਨਾਂਅ ਦਾ ਜਾਨਲੇਵਾ ਵਾਰਿਸ ਚਾਰੇ ਪਾਸੇ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਸਾਡੇ ਇਥੇ ਆਉਣ ਵਾਲੀਆਂ ਰੂਹਾਂ ਦੀ ਗਿਣਤੀ ਨੂੰ ਕਈ ਗੁਣਾ ਵਧਾ ਸਕਦਾ ਹੈ।"

ਯਮਰਾਜ ਵੀ ਪ੍ਰੇਸ਼ਾਨ ਹੋ ਗਏ। ਕਹਿਣ ਲੱਗੇ, "ਸਾਡੇ ਕੋਲ ਤਾਂ ਇੰਨੇ ਝੋਟੇ ਵੀ ਨਹੀਂ। ਹਾਇ! ਕਿਵੇਂ ਆਉਣਗੀਆਂ ਇੰਨੀਆਂ ਰੂਹਾਂ ਇਥੇ? ਜ਼ਰਾ ਕਿਸੇ ਦੂਤ ਨੂੰ ਭੇਜ ਕੇ ਦਿਖਵਾਓ ਕਿ ਉਥੋਂ ਦੇ ਹਸਪਤਾਲਾਂ ਵਿੱਚ ਕੀ ਪ੍ਰਬੰਧ ਹਨ?"

ਚਿਤਰਗੁਪਤ ਬੋਲੇ, "ਜੀ, ਮੈਂ ਪਤਾ ਕਰਾ ਲਿਆ ਹੈ। ਓਥੇ ਆਈਸੋਲੇਸ਼ਨ ਵਾਰਡ ਬਣਾ ਕੇ ਕੋਰੋਨਾ ਇਨਫੈਕਟਿਡ ਰੋਗੀ ਨੂੰ ਵੱਖ ਰੱਖ ਕੇ ਇਲਾਜ ਕੀਤਾ ਜਾਂਦਾ ਹੈ। ਮਾਸਕ ਅਤੇ ਸੈਨੀਟਾਈਜ਼ਰ ਫਰੀ ਵਿੱਚ ਵੀ ਵੰਡੇ ਜਾ ਰਹੇ ਹਨ। ਸਾਰੀਆਂ ਥਾਵਾਂ ਨੂੰ ਸੈਨੀਟਾਈਜ਼ਰ ਨਾਲ ਧੋਤਾ ਜਾ ਰਿਹਾ ਹੈ।"

ਸੈਨੀਟਾਈਜ਼ਰ ਵਰਗਾ ਨਵਾਂ ਨਾਂਅ ਸੁਣ ਕੇ ਯਮਰਾਜ ਬੋਲੇ, "ਇਹ ਸੈਨੀਟਾਈਜ਼ਰ ਕੀ ਹੁੰਦਾ ਹੈ?"

"ਜੀ, ਇੱਕ ਅਜਿਹਾ ਕੀਟਾਣੂ ਨਾਸ਼ਕ ਹੈ, ਜਿਸ ਨਾਲ ਕੀਟਾਣੂਆਂ ਨੂੰ ਧੋ ਕੇ ਨਸ਼ਟ ਕੀਤਾ ਜਾ ਸਕਦਾ ਹੈ।" ਚਿੱਤਰ ਗੁਪਤ ਨੇ ਦੱਸਿਆ।

ਤੁਰੰਤ ਹੀ ਯਮਰਾਜ ਨੇ ਰਾਇ ਦਿੱਤੀ, "ਵਿਸ਼ੇਸ਼ ਪ੍ਰਬੰਧ ਕਰਵਾ ਕੇ ਧਰਤੀ 'ਤੇ ਜਲਦੀ ਤੋਂ ਜਲਦੀ ਸੈਨੀਟਾਈਜ਼ਰ ਦੀ ਬਰਸਾਤ ਕਰਵਾ ਦਿਓ। ਮੈਨੂੰ ਫਿਲਹਾਲ ਆਪਣੀ ਇੱਜ਼ਤ ਬਚਾਉਣ ਦਾ ਬੱਸ ਇਹੀ ਸੁਝਾਅ ਨਜ਼ਰ ਆ ਰਿਹਾ ਹੈ।"

ਰਾਤ ਦੇ ਬਾਅਦ ਮੇਰੀ ਅੱਖ ਖੁੱਲ੍ਹੀ ਤਾਂ ਬਿਸਤਰੇ ਤੋਂ ਉਠਦੇ ਹੀ ਪਹਿਲਾਂ ਖਿੜਕੀ 'ਚੋਂ ਝਾਕ ਕੇ ਬਾਹਰ ਦੇਖਿਆ ਕਿ ਕਿਤੇ ਬਾਰਿਸ਼ ਸ਼ੁਰੂ ਤਾਂ ਨਹੀਂ ਹੋ ਗਈ। ਅਜਿਹਾ ਕਿਤੇ ਕੁਝ ਨਹੀਂ ਸੀ। ਸੜਕਾਂ 'ਤੇ ਇੱਕਾ-ਦੁੱਕਾ ਲੋਕ ਮੂੰਹ 'ਤੇ ਮਾਸਕ ਲਾਏ ਹੋਏ ਸਹਿਮੇ ਤੁਰੇ ਜਾ ਰਹੇ ਸਨ। ਮੈਂ ਵੀ ਮੂੰਹ 'ਤੇ ਮਾਸਕ ਅਤੇ ਹੱਥਾਂ ਵਿੱਚ ਸੈਨੀਟਾਈਜ਼ਰ ਲਾ ਕੇ ਦੁੱਧ ਲੈਣ ਡੇਅਰੀ ਪਹੁੰਚਿਆ ਤਾਂ ਉਥੇ ਇੱਕ ਯੋਗ ਗੁਰੂ ਮਿਲ ਗਏ। ਕਹਿਣ ਲੱਗੇ, "ਯੋਗ ਨਾਲ ਹੀ ਆਤਮਾ ਵਿੱਚ ਜੰਮੀ ਪਤਿਤ ਦੀ ਕਾਈ ਨੂੰ ਸਾਫ ਕੀਤਾ ਜਾ ਸਕਦਾ ਹੈ।"

ਘਰ ਪਹੁੰਚਿਆ ਤਾਂ ਪਤਨੀ ਨੇ ਦਰਵਾਜ਼ਾ ਖੋਲ੍ਹਿਆ ਅਤੇ ਬੋਲੀ, "ਜਾਓ ਪਹਿਲਾਂ ਬਾਥਰੂਮ ਵਿੱਚ ਜਾ ਕੇ ਪਾਣੀ ਨਾਲ ਹੱਥ ਧੋ ਲਓ ਅਤੇ ਸੈਨੀਟਾਈਜ਼ਰ ਨੂੰ ਹੱਥਾਂ ਵਿੱਚ ਮਲ ਲਓ ਅਤੇ ਹਾਂ, ਜਦ ਤੱਕ ਕੋਰੋਨਾ ਭੱਜ ਨਹੀਂ ਜਾਂਦਾ, ਤਦ ਤੱਕ ਤੁਸੀਂ ਮੇਰੇ ਤੋਂ ਦੂਰ ਰਹਿਣਾ।"

ਅੱਜਕੱਲ੍ਹ ਮੈਂ ਖਿੜਕੀ 'ਚੋਂ ਝਾਕ ਕੇ ਸੈਨੀਟਾਈਜ਼ਰ ਵਾਲੀ ਬਾਰਿਸ਼ ਹੋਣ ਦੀ ਉਡੀਕ ਕਰ ਰਿਹਾ ਹਾਂ ਤਾਂ ਕਿ ਬਾਰਿਸ਼ ਹੋਵੇ ਅਤੇ ਪਾਬੰਦੀਆਂ ਹਟ ਸਕਣ।

# ਸ਼੍ਰੋਮਣੀ ਕਮੇਟੀ ਦੇ ਜਥੇਦਾਰ ਟੌਹੜਾ ਦੌਰ ਵਾਲੇ ਕਰੋੜਾਂ ਦੇ ਫੰਡਾਂ ਦਾ ਮੁੱਦਾ ਫਿਰ ਭਖਿਆ

## ਸਾਬਕਾ ਜਥੇਦਾਰ ਰਣਜੀਤ ਸਿੰਘ ਵੱਲੋਂ ਅਹਿਮ ਖੁਲਾਸੇ

ਬਾਬਾ ਬਕਾਲਾ, 26 ਅਪਰੈਲ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰੋੜਾਂ ਰੁਪਏ ਦੇ ਫੰਡਾਂ ਦੀ ਹੋ ਰਹੀ ਦੁਰਵਰਤੋਂ ਅਤੇ ਇਸ ਆਮਦਨ ਦੇ ਸਰੋਤਾਂ ਦਾ ਓਹਲਾ ਰੱਖਣ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਅੱਜ ਅਹਿਮ ਖੁਲਾਸੇ ਕੀਤੇ ਹਨ। ਇਕ ਨਿੱਜੀ ਚੈਨਲ ਨੂੰ ਇੰਟਰਵਿਊ ਦੇ ਦੌਰਾਨ ਭਾਈ ਰਣਜੀਤ ਸਿੰਘ ਨੇ ਜੋ ਕੁਝ ਆਖਿਆ ਹੈ, ਉਹ ਤੇਜ਼ੀ ਨਾਲ ਹਰ ਪਾਸੇ ਵਾਇਰਲ ਹੋ ਰਿਹਾ ਹੈ।

ਭਾਈ ਰਣਜੀਤ ਸਿੰਘ ਨੇ ਇਸ ਇੰਟਰਵਿਊ ਦੌਰਾਨ ਕਿਹਾ ਹੈ ਕਿ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਕੁੱਲ 79 ਗੁਰਦੁਵਾਰੇ ਹਨ, ਜਿਨ੍ਹਾਂ ਦੇ ਅਹੁਦੇਦਾਰਾਂ ਤੇ ਮੈਨੇਜਰਾਂ ਕੋਲ ਲਗਜ਼ਰੀ ਤੇ ਇਨੋਵਾ ਗੱਡੀਆਂ ਹਨ, ਪਰ ਸ਼੍ਰੋਮਣੀ ਕਮੇਟੀ ਅੰਦਰੋਂ ਖੋਖਲੀ ਹੋ ਚੁੱਕੀ ਹੈ, ਜਦ ਕਿ ਇਸ ਕੋਲ ਕਦੇ ਬੜਾ ਵੱਡਾ ਸਰਮਾਇਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕੋਲ 20 ਹਜ਼ਾਰ ਏਕੜ ਦੇ ਕਰੀਬ ਉਪਜਾਊ ਜ਼ਮੀਨ ਹੈ, ਇਸ ਦਾ ਕਿੰਨਾ ਠੇਕਾ ਹੈ, ਕੁਝ ਨਹੀਂ ਦੱਸਿਆ ਜਾਂਦਾ। ਸ਼੍ਰੋਮਣੀ ਕਮੇਟੀ ਦਾ ਬੱਜਟ ਬਹੁਤ ਵੱਡਾ ਹੈ, ਪਰ ਪ੍ਰਬੰਧਕ ਘੱਟ ਦੱਸਦੇ ਹਨ। ਪਤਾ ਨਹੀਂ ਕਿੱਥੇ ਖਰਚ ਹੁੰਦਾ ਹੈ।

ਸਾਬਕਾ ਜਥੇਦਾਰ ਰਣਜੀਤ ਸਿੰਘ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੇਲੇ ਸ੍ਰੀ ਹਰਿਮੰਦਰ ਸਾਹਿਬ ਲਈ 13 ਕਰੋੜ ਰੁਪਏ, ਫਤਿਹਗੜ੍ਹ ਸਾਹਿਬ 12 ਕਰੋੜ ਅਤੇ ਗੁਰਦੁਆਰਾ ਅੰਬ ਸਾਹਿਬ ਲਈ 5 ਕਰੋੜ ਰੁਪਏ ਦੀਆਂ ਐੱਫ ਡੀਜ਼ (ਫਿਕਸਡ ਡਿਪਾਜ਼ਿਟ) ਕਰਾਈਆਂ ਗਈਆਂ ਸਨ, ਉਹ ਲੋੜ ਪੈਣ ਉੱਤੇ ਸ਼੍ਰੋਮਣੀ ਕਮੇਟੀ ਵਰਤ ਲੈਂਦੀ ਤੇ ਫਿਰ ਜਮ੍ਹਾ ਕਰਵਾ ਦਿੰਦੀ ਸੀ, ਪ੍ਰੰਤੂ ਬਾਕੀ ਗੁਰਦਵਾਰਿਆਂ ਦੇ ਹਿਸਾਬ ਕਿਤਾਬ ਦਾ ਹੀ ਪਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੇਲੇ ਟੈਂਟ ਲਾਉਣ ਦੇ ਬਹਾਨੇ 12 ਕਰੋੜ ਰੁਪਏ ਆਪਣੇ ਬੰਦੇ ਖੜੇ ਕਰ ਕੇ ਹੜੱਪ ਕਰ ਲਏ ਗਏ ਹਨ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅਜੋਕੇ ਹਾਲਾਤ ਵਿੱਚ ਕੋਰੋਨਾ ਦੀ ਮਹਾਮਾਰੀ ਦੌਰਾਨ ਕੇਵਲ 15 ਦਿਨ ਲੰਗਰ ਵਰਤਾ ਕੇ ਸ਼੍ਰੋਮਣੀ ਕਮੇਟੀ ਨੇ ਭਾਂਡੇ ਮੂਧੇ ਕਰ ਦਿਤੇ ਹਨ, ਪਤਾ ਨਹੀਂ ਇਨ੍ਹਾਂ ਨੇ ਕਿੰਨਾ ਰਾਸ਼ਨ ਵੰਡ ਦਿਤਾ ਹੈ ਤੇ ਫਿਰ ਲੋਕਾਂ ਨੂੰ ਲੰਗਰ ਲਈ ਕਣਕ ਭੇਜਣ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਗੁਰੂ ਘਰ ਦੇ ਸੇਵਕ ਹੋਣ ਕਰ ਕੇ ਡੇਰਾ ਬਿਆਸ ਦੀ ਆਲੋਚਨਾ ਕਰਦੇ ਰਹੇ ਹਾਂ, ਪਰ ਡੇਰਾ ਰਾਧਾ ਸੁਆਮੀ ਨੇ ਇਸ ਦੌਰਾਨ ਕਿੰਨੀਆਂ ਸੰਗਤਾਂ ਨੂੰ ਭੋਜਨ ਛਕਾਇਆ ਹੈ। ਡੇਰਾ ਬਿਆਸ ਦੇ ਮੁਖੀ ਵੱਲੋਂ ਪੰਜਾਬ ਤੋਂ ਇਲਾਵਾ ਦੂਜੇ ਰਾਜਾਂ ਵਿਚ ਵੀ ਸਾਫ-ਸੁਥਰਾ ਲੰਗਰ ਤਿਆਰ ਕਰਵਾ ਕੇ ਉਥੇ ਜ਼ਿਲਾ ਪ੍ਰਸ਼ਾਸਨ ਨੂੰ ਸੌਂਪ ਦਿੱਤਾ ਜਾਂਦਾ ਹੈ ਤੇ ਅੱਗੋਂ ਪ੍ਰਸ਼ਾਸਨ ਇਹ ਰਾਸ਼ਨ ਲੋੜਵੰਦਾਂ ਨੂੰ ਪੁਚਾਉਂਦਾ ਹੈ। ਪਹਿਲੀ ਵਾਰ ਡੇਰਾ ਬਿਆਸ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਡੇਰੇ ਵਲੋਂ ਚੁੱਪ-ਚਾਪ ਬਿਨਾ ਵਿਤਕਰੇ ਤੇ ਬਿਨਾਂ ਮਸ਼ਹੂਰੀ ਦੇ ਲੰਗਰ ਅਜੇ ਤੱਕ ਵਰਤਾਇਆ ਜਾਂਦਾ ਹੈ, ਪਰ ਸ਼੍ਰੋਮਣੀ ਕਮੇਟੀ ਹੱਥ ਖੜੇ ਕਰ ਚੁੱਕੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਡੇਰੇ ਨੇ ਇਸ ਕਾਰਜ ਲਈ ਨਾ ਕੋਈ ਪੈਸੇ ਵਜੋਂ ਦਾਨ ਲਏ ਅਤੇ ਨਾ ਲੈ ਰਹੇ ਹਨ, ਕੋਈ ਉਗਰਾਹੀ ਵੀ ਨਹੀਂ ਕੀਤੀ, ਕੀ ਸ਼੍ਰੋਮਣੀ ਕਮੇਟੀ ਡੇਰਾ ਰਾਧਾ ਸੁਆਮੀ ਤੋਂ ਛੋਟੀ ਸੰਸਥਾ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਉੱਤੇ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਕਬਜ਼ਾ ਕੀਤਾ ਤਾਂ ਢੀਠਾਂ ਵਾਂਗ ਇਸ ਕਮੇਟੀ ਦਾ ਪੈਸਾ ਆਪਣੇ ਜਾਤੀ ਲਾਭਾਂ ਤੇ ਸਿਆਸਤ ਲਈ ਵਰਤ ਕੇ ਇਸ ਨੂੰ ਕੰਗਾਲ ਕਰ ਦਿਤਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਧਰਮ ਪ੍ਰਚਾਰ ਲਈ ਰੱਖੇ ਫੰਡ ਚੋਣਾਂ ਮੌਕੇ ਧਰਮਸ਼ਲਾਵਾਂ, ਚਰਚਾਂ, ਮਸੀਤਾਂ, ਮੰਦਰਾਂ ਤੇ ਗੁਰਦਵਾਰਿਆਂ ਨੂੰ ਇਕ-ਇਕ ਲੱਖ ਰੁਪਏ ਦੇ ਦਿੱਤੇ ਜਾਂਦੇ ਰਹੇ।

ਸਾਬਕਾ ਜਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ 15 ਸਾਲ ਪਹਿਲਾਂ ਉੱਪ ਚੋਣਾਂ ਵੇਲੇ ਗੁਰੂ ਰਾਮਦਾਸ ਜੀ ਦਾ ਲੰਗਰ ਕਮੇਟੀ ਦੀਆਂ ਟਰਾਲੀਆਂ ਵਿੱਚ ਅਕਾਲੀ ਕਾਨਫਰੰਸ ਵਾਲੀ ਥਾਂ ਜਾਂਦਾ ਸੀ ਤੇ ਅਕਾਲੀ ਵਰਕਰਾਂ ਵਿੱਚ ਚਰਚਾ ਹੁੰਦੀ ਸੀ ਕਿ ਟਰਾਲੀ ਉੱਤੇ ਸ੍ਰੀ ਗੁਰੂ ਰਾਮਦਾਸ ਲਿਖਿਆ ਹੈ। ਇਸ ਤੋਂ ਸਾਫ ਹੈ ਕਿ ਬਾਦਲਾਂ ਨੂੰ ਗੁਰੂ ਘਰ ਨਾਲ ਕੋਈ ਸਰੋਕਾਰ ਨਹੀਂ, ਬੱਸ ਆਪਣੀ ਦੁਕਾਨ ਲਾਈ ਹੋਈ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੁਰਬਾਨ ਕੀਤਾ ਗਿਆ ਅਤੇ ਰਾਮ ਰਹੀਮ ਦੀ ਯਾਰੀ ਪਾਲੀ ਹੈ। ਭਾਈ ਰਣਜੀਤ ਸਿੰਘ ਦੱਸਿਆ ਕਿ ਦੁਨੀਆ ਨੇ ਦੇਖਿਆ ਸੀ, ਜਦੋਂ ਪੁਲਸ ਨੇ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿਤਾ ਸੀ, ਜਿਨ੍ਹਾਂ ਨੇ ਇਹ ਕਾਰਾ ਕੀਤਾ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਸਨਮਾਨ ਦੇ ਰਹੀ ਹੈ, ਜਦ ਕਿ ਸਰਕਾਰ ਨੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ ਤੇ ਉਹ ਲੋਕ ਜਮਾਨਤ ਉੱਤੇ ਆ ਕੇ ਖੁਦ ਨੂੰ ਦੁੱਧ ਧੋਤਾ ਸਾਬਤ ਕਰਨ ਲਈ ਲੰਗਰਾਂ ਵਿੱਚ ਕਣਕ ਦੇ ਰਹੇ ਹਨ ਅਤੇ ਬਾਦਲ ਪਰਿਵਾਰ ਉਨ੍ਹਾਂ ਦਾ ਸਨਮਾਨ ਕਰਵਾ ਰਿਹਾ ਹੈ।

# ਕੋਰੋਨਾ ਦੇ ਕਾਰਨ ਹਵਾਈ ਕੰਪਨੀਆਂ ਨੂੰ 1122 ਕਰੋੜ ਡਾਲਰ ਦਾ ਨੁਕਸਾਨ

## 29 ਲੱਖ ਲੋਕ ਬੇਰੁਜ਼ਗਾਰ ਹੋਣ ਦਾ ਅੰਦਾਜ਼ਾ



ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲਾਈਆਂ ਪਾਬੰਦੀਆਂ ਨਾਲ ਇਸ ਸਾਲ ਭਾਰਤੀ ਏਅਰਲਾਈਨ ਕੰਪਨੀਆਂ ਨੂੰ 1122 ਕਰੋੜ ਡਾਲਰ ਦਾ ਨੁਕਸਾਨ ਹੋਵੇਗਾ ਅਤੇ 29 ਲੱਖ ਤੋਂ ਵੱਧ ਲੋਕ ਬੇਰੁਜ਼ਗਾਰ ਹੋਣਗੇ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਏ ਆਈ ਟੀ ਏ) ਵੱਲੋਂ ਜਾਰੀ ਰਿਪੋਰਟ ਅਨੁਸਾਰ ਜੇ ਯਾਤਰੀਆਂ ਦੀ ਹਵਾਈ ਸੇਵਾ 'ਤੇ ਸਖ਼ਤ ਪਾਬੰਦੀਆਂ ਤਿੰਨ ਮਹੀਨਿਆਂ ਲਈ ਜਾਰੀ ਰਹੀਆਂ ਤਾਂ 2019 ਦੇ ਮੁਕਾਬਲੇ ਇਸ ਸਾਲ ਦੇਸ਼ 'ਚ ਯਾਤਰੀਆਂ ਦੀ ਗਿਣਤੀ 'ਚ 8.98 ਕਰੋੜ ਭਾਵ 47 ਫ਼ੀਸਦੀ ਗਿਰਾਵਟ ਆਵੇਗੀ ਤੇ ਇਸ ਨਾਲ ਕੰਪਨੀਆਂ ਨੂੰ 1,122.1 ਕਰੋੜ ਡਾਲਰ ਦਾ ਮਾਲੀਆ ਨੁਕਸਾਨ ਹੋਵੇਗਾ ਅਤੇ 29,32,9000 ਲੋਕਾਂ ਦੀ ਰੋਜ਼ੀ-ਰੋਟੀ ਖ਼ਤਮ ਹੋ ਜਾਵੇਗੀ।

ਏਸ਼ੀਆ-ਪੈਸੇਫਿਕ ਖੇਤਰ ਲਈ ਜਾਰੀ ਕੀਤੀ ਰਿਪੋਰਟ ਵਿੱਚ ਭਾਰਤ ਵਿੱਚ ਵੱਧ ਤੋਂ ਵੱਧ ਨੌਕਰੀਆਂ ਜਾਣ ਦਾ ਡਰ ਪੇਸ਼ ਕੀਤਾ ਗਿਆ ਹੈ, ਜਦਕਿ ਆਮਦਨ ਘਾਟੇ ਦੇ ਮਾਮਲੇ 'ਚ ਜਾਪਾਨ ਅਤੇ ਆਸਟ੍ਰੇਲੀਆ ਤੋਂ ਬਾਅਦ ਭਾਰਤ ਤੀਜੇ ਨੰਬਰ 'ਤੇ ਰਹੇਗਾ। ਏਅਰਲਾਈਨਜ਼ ਦੀ ਕਮਾਈ 'ਚ ਜਾਪਾਨ ਵਿੱਚ 2200 ਕਰੋੜ ਡਾਲਰ ਅਤੇ ਆਸਟ੍ਰੇਲੀਆ 'ਚ 1400 ਕਰੋੜ ਡਾਲਰ ਤੋਂ ਵੱਧ ਦੀ ਗਿਰਾਵਟ ਹੋਣ ਦਾ ਡਰ ਹੈ। ਏਸ਼ੀਆ-ਪੈਸੇਫਿਕ ਲਈ ਏ ਆਈ ਟੀ ਏ ਦੇ ਮੀਤ ਪ੍ਰਧਾਨ ਕੋਨਾਰਡ ਕਲਿਫੋਰਡ ਨੇ ਕਿਹਾ ਕਿ ਪਿਛਲੀ ਰਿਪੋਰਟ ਤੋਂ ਬਾਅਦ ਹਾਲਾਤ ਹੋਰ ਵਿਗੜ ਗਏ ਹਨ ਅਤੇ ਜੇ ਸਰਕਾਰਾਂ ਮਦਦ ਨਹੀਂ ਕਰਦੀਆਂ ਤਾਂ ਬਹੁਤ ਸਾਰੀਆਂ ਏਅਰਲਾਈਨਾਂ ਬੰਦ ਹੋ ਸਕਦੀਆਂ ਹਨ।

# ਲਾਕਡਾਊਨ ਦੌਰਾਨ ਪੰਜਾਬ ਵਿੱਚ ਪਾਣੀ ਦੀ ਸ਼ੁੱਧਤਾ ਪੱਖੋਂ ਬਿਆਸ ਦਰਿਆ ਨੰਬਰ ਵੰਨ

ਪਟਿਆਲਾ, 26 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚੋਂ ਲੰਘਦੇ ਸਤਲੁਜ ਦਰਿਆ ਦਾ ਪਾਣੀ ਇੱਕ ਮਹੀਨੇ ਦੌਰਾਨ ਸਾਫ ਨਹੀਂ ਹੋਇਆ, ਪਰ ਬਿਆਸ ਦਰਿਆ ਦੇ ਪਾਣੀ ਦਾ ਕਾਫੀ ਕੁਆਲਿਟੀ ਸੁਧਾਰ ਵੇਖਣ ਨੂੰ ਮਿਲਿਆ ਹੈ।

ਇਹ ਪ੍ਰਗਟਾਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੀਤਾ ਅਤੇ ਇੱਕ ਰਿਪੋਰਟ ਵਿੱਚ ਬੋਰਡ ਨੇ ਦੱਸਿਆ ਹੈ ਕਿ ਬੋਰਡ ਵੱਲੋਂ ਨੰਗਲ ਤੋਂ ਹੁਸੈਨੀਵਾਲਾ ਤੱਕ ਦਰਿਆ ਸਤਲੁਜ ਵਿੱਚ ਪਾਣੀ ਦੇ ਵਹਾਅ ਦੀ ਨਿਗਰਾਨੀ ਰੱਖੀ ਜਾਂਦੀ ਹੈ। ਇਹ ਨਿਗਰਾਨੀ 16 ਥਾਵਾਂ 'ਤੇ ਰੱਖੀ ਜਾਂਦੀ ਹੈ ਤੇ ਪਿਛਲੇ ਇੱਕ ਮਹੀਨੇ ਦੇ ਨਿਗਾਰਨੀ ਦੇ ਨਤੀਜੇ ਦੱਸਦੇ ਹਨ ਕਿ ਦਰਿਆ ਦੇ ਪਾਣੀ ਵਿੱਚ ਸ਼ੁੱਧਤਾ ਪੱਖੋਂ ਕੋਈ ਸੁਧਾਰ ਨਹੀਂ ਹੋਇਆ। ਬੋਰਡ ਨੇ 24 ਮਾਰਚ ਤੋਂ ਬਾਅਦ ਤਿੰਨ ਹਫਤਿਆਂ ਦੇ ਲਾਕਡਾਊਨ ਦੌਰਾਨ ਪਾਣੀ ਦੀ ਕੁਆਲਿਟੀ 'ਤੇ ਨਿਗਰਾਨੀ ਰੱਖੀ ਤਾਂ ਪਤਾ ਲੱਗਾ ਕਿ ਲਾਕਡਾਊਨ ਕਾਰਨ ਦਰਿਆ ਵਿੱਚ ਕੂੜਾ ਕਰਕਟ ਸੁੱਟਣ ਦੀਆਂ ਘਟਨਾਵਾਂ ਦੀ ਕਮੀ ਆਈ ਹੈ, ਪਰ ਪਾਣੀ ਦੀ ਕੁਆਲਿਟੀ ਵਿੱਚ ਸੁਧਾਰ ਨਹੀਂ ਹੋਇਆ। ਪਾਣੀ ਵਿੱਚ ਸੁਧਾਰ ਬਾਇਓ ਕੈਮੀਕਲ ਆਕਸੀਜਨ ਡਿਮਾਂਡ ਲੈਵਲ ਨਾਲ ਮਾਪਿਆ ਜਾਂਦਾ ਹੈ।

ਦੂਜੇ ਪਾਸੇ ਬਿਆਸ ਦਰਿਆ, ਜਿਸ 'ਤੇ ਤਲਵਾੜਾ ਹੈੱਡ ਵਰਕਸ ਤੋਂ ਲੈ ਕੇ ਹਰੀਕੇ ਤੱਕ 10 ਥਾਵਾਂ 'ਤੇ ਨਜ਼ਰਸਾਨੀ ਕੀਤੀ ਜਾਂਦੀ, ਦੇ ਪਾਣੀ ਵਿੱਚ ਕਾਫੀ ਸੁਧਾਰ ਸਾਹਮਣੇ ਆਇਆ ਹੈ। ਬੋਰਡ ਮੁਤਾਬਕ ਦਰਿਆਵਾਂ ਵਾਂਗ ਹੀ ਲੁਧਿਆਣਾ ਦੇ ਬੁੱਢੇ ਨਾਲੇ ਦੀ ਸਥਿਤੀ 'ਤੇ ਵੀ ਨਜ਼ਰਸਾਨੀ ਕੀਤੀ ਗਈ ਅਤੇ ਪਤਾ ਲੱਗਾ ਕਿ ਬੁੱਢੇ ਨਾਲੇ ਵਿੱਚ ਘਰੇਲੂ ਵੇਸਟ ਵਾਟਰ ਪੈ ਰਿਹਾ ਹੈ। ਲਾਕਡਾਊਨ ਕਾਰਨ ਲੁਧਿਆਣਾ ਸ਼ਹਿਰ ਦੇ ਸਾਰੇ ਉਦਯੋਗਿਕ, ਕਮਰਸ਼ੀਅਲ ਅਦਾਰੇ ਅਤੇ ਸੰਸਥਾਵਾਂ ਬੰਦ ਹਨ ਅਤੇ ਇਨ੍ਹਾਂ ਵਿੱਚੋਂ ਵੇਸਟ ਵਾਟਰ ਨਹੀਂ ਆ ਰਿਹਾ। ਇਸੇ ਕਾਰਨ ਬੁੱਢੇ ਨਾਲੇ ਵਿੱਚ ਪਾਣੀ ਦਾ ਵਹਾਅ 600 ਐੱਮ ਐੱਲ ਡੀ ਤੋਂ ਘੱਟ ਕੇ 475 ਐੱਮ ਐੱਲ ਡੀ ਰਹਿ ਗਿਆ ਹੈ। ਹਰੀਕੇ ਵਿਖੇ ਦਰਿਆ ਵਿੱਚ ਪਾਣੀ ਦੀ ਕੁਆਲਿਟੀ 'ਸੀ' ਵਰਗ ਵਿੱਚ ਆਉਂਦੀ ਹੈ। ਇਥੇ ਪਾਣੀ ਦਾ ਵਹਾਅ ਪਹਿਲਾਂ ਦੇ ਮੁਕਾਬਲੇ ਘੱਟ ਹੈ। ਬੋਰਡ ਦੇ ਚੇਅਰਮੈਨ ਡਾਕਟਰ ਐੱਸ ਐੱਸ ਮਰਵਾਹਾ ਨੇ ਦੱਸਿਆ ਕਿ ਮਾਰਚ ਦੇ ਮੁਕਾਬਲੇ ਅਪ੍ਰੈਲ ਦੀ ਆਈ ਰਿਪੋਰਟ ਵਿੱਚ ਸਪੱਸ਼ਟ ਹੋਇਆ ਹੈ ਕਿ ਭਾਵੇਂ ਉਦਯੋਗ ਬੰਦ ਹਨ, ਪਰ ਇਸ ਦੇ ਬਾਵਜੂਦ ਬੁੱਢੇ ਨਾਲੇ ਦੇ ਪਾਣੀ ਵਿੱਚ ਸ਼ੁੱਧਤਾ ਪੱਖੋਂ ਕੋਈ ਸੁਧਾਰ ਨਹੀਂ ਹੋਇਆ। ਸ਼ੁੱਧਤਾ ਪੱਖੋਂ ਬਿਆਸ ਦਰਿਆ ਨੰਬਰ ਇੱਕ 'ਤੇ ਹੈ ਤੇ ਇਸ ਦੀ ਕੈਟੇਗਰੀ ਬੀ ਹੈ।

# ਭਾਰਤ ਵਿੱਚ ਪੂਰੇ ਮਹੀਨੇ ਵਿੱਚ ਇੱਕ ਵੀ ਗੱਡੀ ਨਹੀਂ ਵਿਕੀ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਕਹਿਰ ਜਾਰੀ ਹੈ ਤੇ ਇਸ ਤੋਂ ਬਚਣ ਲਈ ਭਾਰਤ ਸਰਕਾਰ ਲਾਕਡਾਊਨ ਦਾ ਸਹਾਰਾ ਲੈ ਰਹੀ ਹੈ। ਇਸ ਦਾ ਸਿੱਧਾ ਅਸਰ ਵਪਾਰ 'ਤੇ ਪੈ ਮਿਲ ਰਿਹਾ ਹੈ। ਭਾਰਤ 'ਚ ਬੀਤੀ 24 ਮਾਰਚ ਤੋਂ ਲੱਗਾ ਲਾਕਡਾਊਨ ਤਿੰਨ ਮਈ ਤੱਕ ਚੱਲੇਗਾ। ਸਕੋਡਾ ਇੰਡੀਆ ਦੇ ਡਾਇਰੈਕਟਰ ਜੈਕ ਹਾਲਿਸ ਨੇ ਇੱਕ ਟਵੀਟ ਕਰ ਕੇ ਇਸ ਲਾਕਡਾਊਨ ਦੇ ਆਟੋ ਸੈਕਟਰ ਉੱਤੇ ਅਸਰ ਤੋਂ ਪਰਦਾ ਚੁੱਕਿਆ ਹੈ।

ਜੈਕ ਹਾਲਿਸ ਨੇ ਸੋਸ਼ਲ ਨੈਟਵਰਕਿੰਗ ਸਾਈਟ ਟਵਿੱਟਰ 'ਤੇ ਲਿਖਿਆ ਹੈ ਕਿ ਪਿਛਲੇ ਤੀਹ ਸਾਲਾਂ ਵਿੱਚ ਆਟੋ ਇੰਡਸਟਰੀ ਦੇ ਕਰੀਅਰ 'ਚ ਉਨ੍ਹਾਂ ਨੇ ਇਹ ਪਹਿਲੀ ਵਾਰ ਦੇਖਿਆ ਹੈ ਕਿ ਅਧਿਕਾਰਕ ਤੌਰ ਉਤੇ ਪੂਰੇ ਮਹੀਨੇ ਵਿੱਚ ਇੱਕ ਵੀ ਗੱਡੀ ਨਹੀਂ ਵਿਕੀ। ਸਾਨੂੰ ਆਸ ਹੈ ਕਿ ਬਿਜਨਸ ਛੇਤੀ ਹੀ ਪੁਰਾਣੀ ਸਥਿਤੀ 'ਚ ਪਰਤੇਗਾ। ਇਸ ਦੌਰਾਨ ਸਾਰੇ ਲੋਕ ਸੁਰੱਖਿਅਤ ਰਹਿਣ ਤੇ ਸਰਕਾਰ ਵੱਲੋਂ ਜਾਰੀ ਕੀਤੀ ਗਾਈਡਲਾਈਨ ਨੂੰ ਫਾਲੋ ਕਰਨ।

ਇਹ ਟਵੀਟ ਆਪਣੇ-ਆਪ ਵਿੱਚ ਦੇਸ਼ ਦੀ ਆਟੋ ਇੰਡਸਟਰੀ ਦੀ ਹਾਲਤ ਨੂੰ ਬਿਆਨ ਕਰ ਰਿਹਾ ਹੈ। ਦੇਸ਼ ਵਿੱਚ ਲਾਕਡਾਊਨ ਦੇ ਲਾਗੂ ਹੋਣ ਪਿੱਛੋਂ ਵਾਹਨਾਂ ਦੀ ਪ੍ਰੋਡਕਸ਼ਨ ਅਤੇ ਵਿਕਰੀ ਦੋਵੇਂ ਬੰਦ ਹਨ। ਹਰਿਆਣਾ ਸਰਕਾਰ ਨੇ ਦੇਸ਼ ਦੀ ਸਭ ਤੋਂ ਵੱਡੀ ਕਾਰ ਕੰਪਨੀ ਮਾਰੂਤੀ-ਸਜ਼ੂਕੀ ਨੂੰ ਆਪਣਾ ਮਾਨੇਸਰ ਪਲਾਂਟ ਸ਼ੁਰੂ ਕਰਨ ਦੀ ਖੁੱਲ੍ਹ ਦਿੱਤੀ, ਪਰ ਕੰਪਨੀ ਨੇ ਇਸ ਬਾਰੇ ਕਿਹਾ ਕਿ ਜਦੋਂ ਤੱਕ ਵਾਹਨਾਂ ਦੀ ਵਿਕਰੀ ਦੀ ਸਥਿਤੀ ਨਹੀਂ ਸੰਭਲਦੀ, ਉਦੋਂ ਤੱਕ ਪ੍ਰੋਡਕਸ਼ਨ ਸ਼ੁਰੂ ਨਹੀਂ ਕੀਤਾ ਜਾ ਸਕਦਾ। ਕੰਪਨੀਆਂ ਅਤੇ ਫੈਕਟਰੀਆਂ ਦੇ ਨਾਲ ਸਾਰੇ ਡੀਲਰਸ਼ਿਪ ਵੀ ਬੰਦ ਹਨ। ਇੱਕ-ਦੋ ਵਾਹਨ ਨਿਰਮਾਤਾ ਕੰਪਨੀਆਂ ਹੁੰਡਈ ਅਤੇ ਟਾਟਾ ਮੋਟਰਜ਼ ਆਦਿ ਆਨਲਾਈਨ ਸੇਲ ਕਰ ਰਹੀਆਂ ਹਨ, ਪਰ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਉਪਾਅ ਕਿੰਨਾ ਮਦਦਗਾਰ ਸਾਬਤ ਹੋਵੇਗਾ। ਮਾਰਚ ਮਹੀਨਾ ਵੀ ਵਾਹਨਾਂ ਦੀ ਵਿਕਰੀ ਲਈ ਬੇਹੱਦ ਹੀ ਖਰਾਬ ਰਿਹਾ। ਉਥੇ ਹੀ ਇਹ ਅਪ੍ਰੈਲ ਮਹੀਨਾ ਪੂਰਾ ਲਾਕਡਾਊਨ ਵਿੱਚ ਬੀਤਿਆ ਜਾ ਰਿਹਾ ਹੈ।

# ਕੋਰੋਨਾ ਦੇ ਟੈਸਟਾਂ ਬਾਰੇ ਗੁੜਗਾਉਂ ਦੀ ਲੈਬ ਸ਼ੱਕ ਦੇ ਘੇਰੇ ਵਿੱਚ

ਅੰਬਾਲਾ, 26 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਟੈਸਟ ਦੀ ਗਲਤ ਰਿਪੋਰਟ ਦੇਣ ਦੇ ਕਾਰਨ ਗੁੜਗਾਉਂ ਵਿਚਲੀ ਐਸ ਆਰ ਐਲ ਲੈਬ ਦੀ ਮੁਸੀਬਤ ਵਧ ਗਈ ਹੈ। ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿੱਜ ਨੇ ਕੱਲ੍ਹ ਇਹ ਕੇਸ ਕੇਂਦਰੀ ਸਿਹਤ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਅਤੇ ਆਈ ਸੀ ਐਮ ਆਰ ਕੋਲੋਂ ਜਾਂਚ ਕਰਾਉਣ ਲਈ ਕਿਹਾ ਹੈ। ਇਸ ਲੈਬ ਨੇ ਅੰਬਾਲਾ ਜ਼ਿਲ੍ਹੇ ਦੇ ਚਾਰ ਸੈਂਪਲ ਕੋਰੋਨਾ ਪਾਜ਼ੇਟਿਵ ਦੱਸੇ ਸਨ, ਉਹ ਜਦੋਂ ਦੋ ਸਰਕਾਰੀ ਲੈਬਾਂ ਵਿੱਚੋਂ ਚੈਂਕ ਕਰਵਾਏ ਗਏ ਤਾਂ ਉਨ੍ਹਾਂ ਦੀ ਰਿਪੋਰਟ ਨੈਗੇਟਿਵ ਆਈ ਸੀ।

ਅੰਬਾਲਾ ਦੇ ਸਿਵਲ ਸਰਜਨ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਅਨਿਲ ਵਿੱਜ ਨੇ ਉਨ੍ਹਾਂ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਸੀ ਅਤੇ ਉਨ੍ਹਾਂ ਦੇ ਨਾਲ ਗੁੜਗਾਉਂ ਦੇ ਸਿਵਲ ਸਰਜਨ ਨੂੰ ਜੋੜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸ਼ਾਹਜ਼ਾਦਪੁਰ ਦੇ ਤਿੰਨ ਸੈਂਪਲ ਪਾਜ਼ੇਟਿਵ ਦੱਸੇ ਗਏ ਸਨ, ਉਹ ਜਦੋਂ 36 ਘੰਟੇ ਵਿੱਚ ਵੱਖ-ਵੱਖ ਤਿੰਨ ਲੈਬਾਂ ਨੂੰ ਭੇਜੇ ਗਏ ਤਾਂ ਤਿੰਨੇ ਵਾਰ ਨੈਗੇਟਿਵ ਆਏ। ਇਸੇ ਤਰ੍ਹਾਂ ਏ ਐਨ ਐਮ ਦਾ ਸੈਂਪਲ ਦੋ ਵਾਰ ਸਰਕਾਰੀ ਲੈਬ ਨੂੰ ਭੇਜਿਆ ਅਤੇ ਦੋਵੇਂ ਵਾਰ ਨੈਗੇਟਿਵ ਆਇਆ। ਉਨ੍ਹਾਂ ਦੱਸਿਆ ਕਿ ਗੁੜਗਾਉਂ ਵਿੱਚ ਵੀ ਲੈਬ ਵੱਲੋਂ ਪਾਜ਼ੇਟਿਵ ਦੱਸੇ ਕੇਸ ਦੂਜੀ ਲੈਬ ਤੋਂ ਨੈਗੇਟਿਵ ਆਏ ਹਨ। ਸਿਵਲ ਸਰਜਨ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਰਿਪੋਰਟ ਮਹਿਕਮੇ ਨੂੰ ਦੇ ਦਿੱਤੀ ਹੈ।

ਸਿਹਤ ਮੰਤਰੀ ਅਨਿਲ ਵਿੱਜ ਨੇ ਦੱਸਿਆ ਕਿ ਉਨ੍ਹਾਂ ਨੇ ਐਸ ਆਰ ਐਲ ਲੈਬ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਕੱਲ੍ਹ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ ਵਰਧਨ ਨਾਲ ਦੇਸ਼ ਦੇ ਸਾਰੇ ਸਿਹਤ ਮੰਤਰੀਆਂ ਦੀ ਵੀਡੀਓ ਕਾਨਫਰੰਸਿੰਗ ਸੀ, ਉਸ ਵਿੱਚ ਵੀ ਉਨ੍ਹਾਂ ਨੇ ਇਹ ਮੁੱਦਾ ਚੁੱਕਿਆ ਕਿ ਇਸ ਲੈਬ ਦੇ ਅੰਕੜੇ ਗਲਤ ਆ ਰਹੇ ਹਨ। ਇਸ ਦੀ ਜਾਂਚ ਆਈ ਸੀ ਐਮ ਆਰ ਵੱਲੋਂ ਕੀਤੀ ਜਾਵੇ। ਇਸ ਲਈ ਡਾ. ਹਰਸ਼ ਵਰਧਨ ਨੇ ਇਸ ਦੀ ਸਹਿਮਤੀ ਦੇ ਦਿੱਤੀ ਹੈ।

# ਮੌਲਾਨਾ ਦੇ ਫਾਰਮ ਹਾਊਸ ਤੋਂ ਖੁਲਾਸਾ: ਕਿਸੇ ਤਾਨਾਸ਼ਾਹ ਵਾਂਗ ਜਮਾਤ ਨੂੰ ਚਲਾਉਂਦਾ ਸੀ ਸਾਦ






ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਤਬਲੀਗੀ ਜਮਾਤ ਦੇ ਮੁਖੀ ਮੌਲਾਨਾ ਮੁਹੰਮਦ ਸਾਦ ਦੀਆਂ ਜਾਇਦਾਦਾਂ 'ਤੇ ਛਾਪੇ ਦੌਰਾਨ ਸ਼ਾਮਲੀ ਵਾਲੇ ਫਾਰਮ ਹਾਊਸ ਵਿੱਚੋਂ ਪੁਲਸ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਇਹੋ ਜਿਹੇ ਦਸਤਾਵੇਜ਼ ਮਿਲੇ ਹਨ, ਜਿਨ੍ਹਾਂ ਨਾਲ ਮੌਲਾਨਾ ਸਾਦ ਦੀ ਮਰਕਜ ਵਿੱਚ ਤਾਨਾਸ਼ਾਹੀ ਦਾ ਪਤਾ ਲੱਗਦਾ ਹੈ। ਉਹ ਸਲਾਹ ਦੇਣ ਦੀ ਥਾਂ ਸਿਰਫ ਹੁਕਮ ਦਿੱਤਾ ਕਰਦਾ ਸੀ। ਸਾਦ ਅਤੇ ਤਬਲੀਗੀ ਜਮਾਤ ਨਾਲ ਜੁੜੇ ਕਈ ਲੋਕਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਸੱਤ ਏਦਾਂ ਦੀਆਂ ਲਿਖਤੀ ਸ਼ਿਕਾਇਤਾਂ ਦਿੱਤੀਆਂ ਸਨ ਪਰ ਉਨ੍ਹਾਂ 'ਤੇ ਕੋਈ ਅਮਲ ਨਹੀਂ ਹੋਇਆ। ਸਾਦ ਦੇ ਆਪਣਿਆਂ ਨੇ ਹੀ ਉਨ੍ਹਾਂ ਦੇ ਕੰਮ-ਢੰਗ ਉੱਤੇ ਸਵਾਲ ਚੁੱਕਦੇ ਹੋਏ ਜੋ ਪੱਤਰ 2015 ਅਤੇ 2016 ਵਿੱਚ ਉਨ੍ਹਾਂ ਨੂੰ 'ਇੰਟਰਨਲ ਕੰਪਲੇਂਟ' ਦੇ ਰੂਪ ਵਿੱਚ ਲਿਖੇ ਸਨ, ਈ ਡੀ ਨੇ ਉਨ੍ਹਾਂ ਨੂੰ ਵੀ ਆਪਣੇ ਕਬਜ਼ੇ ਵਿੱਚ ਲਿਆ ਹੈ।

ਵਰਨਣ ਯੋਗ ਹੈ ਕਿ ਮੌਲਾਨਾ ਸਾਦ ਉੱਤੇ ਦੋਸ਼ ਹੈ ਕਿ ਇਸ 95 ਸਾਲ ਪੁਰਾਣੇ ਸੰਗਠਨ ਨੂੰ ਉਹ ਆਪਣੀ ਮਰਜ਼ੀ ਨਾਲ ਚਲਾਉਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਪਾਰਦਰਸ਼ਤਾ ਖਤਮ ਕਰ ਦਿੱਤੀ ਸੀ ਤੇ ਕਈ ਮੁੱਦਿਆਂ ਉਤੇ ਉਸ ਰਾਹ ਤੋਂ ਹੀ ਭਟਕ ਗਏ, ਜਿਹੜਾ ਸੰਗਠਨ ਤੋਂ ਸ਼ੁਰੂ ਦੇ ਨੇਤਾਵਾਂ ਨੇ ਤੈਅ ਕੀਤਾ ਸੀ। ਉਨ੍ਹਾਂ ਨੇ ਬਿਨਾਂ ਕਿਸੇ ਦੀ ਸਲਾਹ ਲਏ ਮਰਕਜ ਅਤੇ ਤਬਲੀਗੀ ਜਮਾਤ ਦੇ ਲੋਕਾਂ ਨੂੰ ਪੜ੍ਹਾਇਆ ਜਾਣ ਵਾਲਾ ਸਿਲੇਬਸ ਵੀ ਬਦਲ ਦਿੱਤਾ। ਮੁੱਖ ਪ੍ਰੋਗਰਾਮਾਂ ਨੂੰ ਨਿਜ਼ਾਮੂਦੀਨ ਮਰਕਜ ਵਿੱਚ ਹੀ ਕਰਨ 'ਤੇ ਜ਼ੋਰ ਦਿੱਤਾ ਅਤੇ ਸਭ ਤੋਂ ਵੱਡੀ ਗੱਲ ਸੰਗਠਨ ਦੇ ਵਿੱਤ ਮਾਮਲਿਆਂ ਵਿੱਚ ਪਾਰਦਰਸ਼ਤਾ ਦੀ ਕਮੀ ਦੀ ਗੱਲ ਵੀ ਜ਼ੋਰ-ਸ਼ੋਰ ਨਾਲ ਚੁੱਕੀ ਗਈ।

ਇਸ ਦੌਰਾਨ ਤਬਲੀਗੀ ਜਮਾਤ ਦੇ ਮੁਖੀ ਮੌਲਾਨਾ ਸਾਦ ਨੇ ਕਿਸੇ ਥਾਂ ਤੋਂ ਕਿਹਾ ਹੈ ਕਿ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੂੰ ਇਹ ਪਤਾ ਹੈ ਕਿ ਮੈਂ ਕਿੱਥੇ ਹਾਂ, ਕ੍ਰਾਇਮ ਬ੍ਰਾਂਚ ਨੇ ਮੇਰੇ ਬੇਟੇ ਦੀ ਹਾਜ਼ਰੀ 'ਚ ਮੇਰੇ ਘਰ ਦੀ ਤਲਾਸ਼ੀ ਲਈ ਅਤੇ ਮੈਨੂੰ ਕੋਰੋਨਾ ਜਾਂਚ ਕਰਾਉਣ ਨੂੰ ਕਿਹਾ ਹੈ। ਅਸੀਂ ਕੋਰੋਨਾ ਵਾਇਰਸ ਦੀ ਜਾਂਚ ਕਰਾ ਚੁੱਕੇ ਹਾਂ। ਦਿੱਲੀ ਪੁਲਸ ਜੋ ਕਹਿ ਰਹੀ ਹੈ, ਅਸੀਂ ਉਨ੍ਹਾਂ ਸਾਰਿਆਂ ਦਾ ਪਾਲਣ ਕਰ ਰਹੇ ਹਾਂ। ਪਤਾ ਲੱਗਾ ਹੈ ਕਿ ਸਾਲ 2015 ਵਿੱਚ ਤਬਲੀਗੀ ਜਮਾਤ ਵਰਕਿੰਗ ਕਮੇਟੀ ਦੇ ਸਾਬਕਾ ਮੈਂਬਰ ਆਮਨਤੁੱਲਾਹ ਚੌਧਰੀ ਨੇ ਸ਼ਿਕਾਇਤ ਕੀਤੀ ਸੀ ਕਿ ਪਹਿਲਾਂ ਮਰਕਜ ਦੇ ਖਜਾਨਚੀ ਤੇ ਮੈਨੇਜਰ ਵੱਖ-ਵੱਖ ਹੁੰਦੇ ਸਨ, ਅੱਜਕੱਲ੍ਹ ਨਹੀਂ। ਮਰਕਜ ਦੀ ਕਮਾਈ ਅਤੇ ਖਰਚ ਦਾ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ।ਸਾਲ 2016 ਵਿੱਚ ਚੇਨੱਈ, ਅਲੀਗੜ੍ਹ, ਬੈਂਗਲੁਰੂ ਅਤੇ ਦਿੱਲੀ ਤੋਂ ਆਈਆਂ ਸ਼ਿਕਾਇਤਾਂ ਵਿੱਚ ਲਿਖਿਆ ਸੀ ਕਿ ਸਾਦ ਸਿਰਫ ਮਸਜ਼ਿਦਾਂ ਵਿੱਚ ਜੁੜਨ 'ਤੇ ਜ਼ੋਰ ਦਿੰਦੇ ਹਨ, ਬਾਹਰ ਨਿਕਲ ਕੇ ਜਮਾਤੀਆਂ ਨੇ ਕੀ ਕਰਨਾ ਹੈ, ਇਹ ਨਹੀਂ ਦੱਸਦੇ।

# ਲਾਕਡਾਊਨ ਪਿੱਛੋਂ ਭਾਰਤ ਵਿੱਚ ਸਲੀਪਰ ਟਰੇਨਾਂ ਹੀ ਚੱਲਣਗੀਆਂ



ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਤਬਾਹੀ ਤੋਂ ਬਚਣ ਲਈ ਨਰਿੰਦਰ ਮੋਦੀ ਸਰਕਾਰ ਨੇ ਸਾਰੇ ਭਾਰਤ ਵਿੱਚ ਲਾਕਡਾਊਨ ਕਰ ਰੱਖਿਆ ਹੈ। ਇਸ ਕਾਰਨ ਟਰੇਨ, ਮੈਟਰੋ, ਫਲਾਇਟ ਅਤੇ ਜਨਤਕ ਟ੍ਰਾਂਸਪੋਰਟ ਪੂਰੀ ਤਰ੍ਹਾਂ ਬੰਦ ਹਨ। ਇਹ ਲਾਕਡਾਊਨ ਤਿੰਨ ਮਈ ਤੱਕ ਰਹਿਣਾ ਹੈ। ਇਸ ਦੌਰਾਨ ਰੇਲਵੇ ਨੇ ਲਾਕਡਾਊਨ ਤੋਂ ਬਾਅਦ ਕੁਝ ਸਪੇਸ਼ਲ ਟਰੇਨਾਂ ਚਲਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਲਾਕਡਾਊਨ ਖ਼ਤਮ ਹੋਣ ਤੋਂ ਬਾਅਦ ਸ਼ੁਰੂਆਤ ਵਿੱਚ ਕੁਝ ਸਪੈਸ਼ਲ ਯਾਤਰੀ ਟਰੇਨਾਂ ਨੂੰ ਚਲਾਉਣ ਦੀ ਤਜਵੀਜ਼ ਹੈ। ਇਹ ਟਰੇਨਾਂ ਗਰੀਨ ਜ਼ੋਨ 'ਚ ਚਲਾਈਆਂ ਜਾਣਗੀਆਂ ਅਤੇ ਸਿਰਫ਼ ਐਮਰਜੰਸੀ ਵਿੱਚ ਲੋਕਾਂ ਨੂੰ ਯਾਤਰਾ ਕਰਣ ਦੀ ਆਗਿਆ ਹੋਵੇਗੀ। ਕੰਟੇਨਮੇਂਟ ਜੋਨ ਅਤੇ ਹਾਟਸਪਾਟ ਇਲਾਕੇ 'ਚ ਕੋਈ ਯਾਤਰੀ ਟਰੇਨ ਨਹੀਂ ਚਲਾਈ ਜਾਵੇਗੀ। ਇਨ੍ਹਾਂ ਸਪੈਸ਼ਲ ਟਰੇਨਾਂ ਦਾ ਕਿਰਾਇਆ ਵੀ ਕਾਫ਼ੀ ਵੱਧ ਰੱਖਿਆ ਜਾਵੇਗਾ, ਤਾਂ ਕਿ ਲੋਕ ਸਿਰਫ਼ ਐਮਰਜੰਸੀ ਵਿੱਚ ਹੀ ਯਾਤਰਾ ਕਰਨ। ਇਸ ਤੋਂ ਪਹਿਲਾਂ ਰੇਲਵੇ ਸੀਨੀਅਰ ਸਿਟੀਜ਼ਨ, ਦਿਵਿਆਂਗਾਂ ਤੇ ਵਿਦਿਆਰਥੀਆਂ ਆਦਿ ਨੂੰ ਕਿਰਾਏ 'ਚ ਮਿਲਣ ਵਾਲੀ ਛੋਟ ਬੰਦ ਕਰ ਚੁੱਕੀ ਹੈ। ਰੇਲਵੇ ਦੀ ਕੋਸ਼ਿਸ਼ ਹੈ ਕਿ ਜਦੋਂ ਤੱਕ ਕੋਰੋਨਾ ਵਾਇਰਸ ਪੂਰੀ ਤਰ੍ਹਾਂ ਖ਼ਤਮ ਨਾ ਹੋ ਜਾਵੇ, ਤਦ ਤੱਕ ਘੱਟ ਤੋਂ ਘੱਟ ਲੋਕ ਯਾਤਰਾ ਕਰਨ। ਇਸ ਲਈ ਰੇਲਵੇ ਸ਼ੁਰੂ 'ਚ ਸਿਰਫ਼ ਸਲੀਪਰ ਟਰੇਨਾਂ ਚਲਾਏਗੀ। ਏ ਸੀ ਕੋਚ ਅਤੇ ਜਨਰਲ ਕੋਚ ਵਾਲੀਆਂ ਟਰੇਨਾਂ ਨਹੀਂ ਚਲਣਗੀਆਂ। ਇਨ੍ਹਾਂ ਟਰੇਨਾਂ ਤੋਂ ਮਿਡਲ ਬਰਥ ਹਟਾ ਦਿੱਤੀ ਗਈ ਹੈ। ਜਿਨ੍ਹਾਂ ਲੋਕਾਂ ਦਾ ਟਿਕਟ ਕੰਫਰਮ ਨਹੀਂ ਹੋਵੇਗਾ, ਉਨ੍ਹਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਦੌਰਾਨ ਸੋਸ਼ਲ ਡਿਸਟੈਂਸਿੰਗ ਦਾ ਖਿਆਲ ਰੱਖਿਆ ਜਾਵੇਗਾ। ਰੇਲਵੇ ਨੇ ਕੋਰੋਨਾ ਨਾਲ ਨਜਿੱਠਣ ਲਈ ਪੰਜ ਹਜ਼ਾਰ ਆਈਸੋਲੇਸ਼ਨ ਬੈਡ ਵੀ ਬਣਾਏ ਹੈ।ਰੇਲਵੇ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ ਸਪੈਸ਼ਲ ਪਾਰਸਲ ਵੈਨ ਈ-ਕਾਮਰਸ ਸੰਸਥਾਵਾਂ ਤੇ ਰਾਜ ਸਰਕਾਰਾਂ ਸਹਿਤ ਹੋਰ ਗਾਹਕਾਂ ਦੁਆਰਾ ਵੱਡੇ ਪੈਮਾਨੇ 'ਤੇ ਟ੍ਰਾਂਸਪੋਰਟ ਲਈ ਹਾਸਲ ਕਰਾਇਆ ਗਿਆ ਸੀ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com

# ਮੈਲਬਰਨ ਵਿੱਚ ਸੜਕ ਹਾਦਸੇ ਵਿੱਚ ਚਾਰ ਪੁਲਸ ਵਾਲਿਆਂ ਦੀ ਮੌਤ



ਮੈਲਬਰਨ, 26 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ ਦੇ ਇਸ ਮਹਾਨਗਰ ਦੇ ਕੀਊ ਇਲਾਕੇ ਦੇ ਨਜ਼ਦੀਕ ਈਸਟਰਨ ਫਰੀਵੇਅ ਅਤੇ ਇੱਕ ਭਿਆਨਕ ਹਾਦਸੇ ਦੌਰਾਨ ਵਿਕਟੋਰੀਆ ਪੁਲਸ ਦੇ ਚਾਰ ਮੁਲਾਜ਼ਮਾਂ ਦੀ ਮੌਤ ਹੋ ਗਈ। ਇਹ ਹਾਦਸਾ ਉਦੋਂ ਹੋਇਆ, ਜਦੋਂ ਪੁਲਸ ਮੁਲਾਜ਼ਮ ਐਮਰਜੈਂਸੀ ਲੇਨ ਵਿੱਚ ਇੱਕ ਕਾਰ ਦੀ ਜਾਂਚ ਕਰ ਰਹੇ ਸਨ ਤਾਂ ਪਿੱਛੋਂ ਆ ਰਹੇ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਪੁਲਸ ਮੁਲਾਜ਼ਮਾਂ ਦੀ ਮੌਕੇ 'ਤੇ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਕੱਲ੍ਹ ਸ਼ਾਮ 140 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਜਾਂਦੀ ਇੱਕ ਕਾਰ ਨੂੰ ਪੁਲਸ ਵੱਲੋਂ ਪੁੱਛਗਿੱਛ ਲਈ ਰੋਕਿਆ ਗਿਆ। ਇਸ ਦੌਰਾਨ ਇਹ ਕਾਰ ਚਾਲਕ ਨਸ਼ੀਲੀਆਂ ਦਵਾਈਆਂ ਦਾ ਸੇਵਨ ਦਾ ਦੋਸ਼ੀ ਪਾਇਆ ਗਿਆ। ਅਜੇ ਪੁਲਸ ਹੋਰ ਪੁੱਛ-ਗਿੱਛ ਕਰ ਰਹੀ ਸੀ ਕਿ ਅਚਾਨਕ ਪਿੱਛੋਂ ਆ ਰਹੇ ਤੇਜ਼ ਰਫਤਾਰ ਟਰੱਕ ਨੇ ਸੜਕ ਦੇ ਇੱਕ ਪਾਸੇ ਖੜੋ ਕੇ ਜਾਂਚ ਕਰਦੇ ਪੁਲਸ ਮੁਲਾਜ਼ਮਾਂ ਤੇ ਉਨ੍ਹਾਂ ਦੇ ਵਾਹਨ ਨੂੰ ਦਰੜ ਦਿੱਤਾ। 41 ਸਾਲਾ ਕਾਰ ਚਾਲਕ ਰਿਚਰਡ ਪੂਸੇ ਓਥੋਂ ਫਰਾਰ ਹੋ ਗਿਆ, ਪਰ ਪੁਲਸ ਨੇ ਉਸ ਨੂੰ ਕੱਲ੍ਹ ਸਵੇਰੇ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਵਿਅਕਤੀ 'ਤੇ ਚੋਰੀ ਅਤੇ ਹੋਰ ਅਪਰਾਧਕ ਕੇਸ ਵੀ ਹਨ। ਮ੍ਰਿਤਕ ਪੁਲਸ ਮੁਲਾਜ਼ਮਾਂ ਵਿੱਚ ਤਿੰਨ ਮਰਦ ਅਤੇ ਇੱਕ ਔਰਤ ਸ਼ਾਮਲ ਹੈ। ਪੁਲਸ ਨੇ ਇਸ ਹਾਦਸੇ ਵਿੱਚ ਸ਼ਾਮਲ ਪੰਜਾਬੀ ਟਰੱਕ ਡਰਾਈਵਰ ਮਹਿੰਦਰ ਸਿੰਘ ਬਾਜਵਾ ਦੀ ਪਛਾਣ ਕਰ ਲਈ ਹੈ। ਮੈਲਬਰਨ ਦੇ ਕਰੇਨ-ਬਰਨ ਇਲਾਕੇ ਵਿਚਲੇ ਇਸ ਤੀਹ ਸਾਲਾ ਟਰੱਕ ਡਰਾਈਵਰ ਨੂੰ ਮੁੱਢਲੀ ਜਾਂਚ ਲਈ ਹਸਪਤਾਲ ਭੇਜਿਆ ਗਿਆ ਹੈ। ਵਿਕਟੋਰੀਆ ਪੁਲਸ ਸਾਰੇ ਮਾਮਲੇ ਦੀ ਤਫਤੀਸ਼ ਕਰ ਰਹੀ ਹੈ।

# ਡਾਕਟਰੀ ਸਾਮਾਨ ਦੀ ਜਮ੍ਹਾਖੋਰੀ ਤੋਂ ਕਮਾਈ ਕਰਨ ਵਾਲਾ ਪੰਜਾਬੀ ਕਸੂਤਾ ਫਸ ਗਿਆ



ਨਿਊਯਾਰਕ, 26 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਕੋਰੋਨਾ ਦੀ ਮਹਾਮਾਰੀ ਤੋਂ ਸਭ ਤੋਂ ਵੱਧ ਪੀੜਤ ਨਿਊਯਾਰਕ ਦੇ ਇਕ ਪੰਜਾਬੀ ਦੁਕਾਨਦਾਰ ਉੱਤੇ ਡਾਕਟਰੀ ਮਾਸਕ, ਪੀ ਪੀ ਈ ਸੂਟ ਤੇ ਹੈਂਡ ਸੈਨੇਟਾਈਜ਼ਰਾਂ ਜਮ੍ਹਾ ਕਰਨ ਅਤੇ ਉਨ੍ਹਾਂ ਨੂੰ ਮਹਿੰਗੇ ਮੁੱਲ ਉੱਤੇ ਵੇਚਣ ਦੇ ਦੋਸ਼ ਹੇਠ ਕਾਰਵਾਈ ਕੀਤੀ ਗਈ ਹੈ। ਕੋਰੋਨਾ ਦੌਰਾਨ ਅਮਰੀਕਾ ਵਿੱਚ ਡਿਫੈਂਸ ਪ੍ਰੋਟੈਕਸ਼ਨ ਐਕਟ (ਡੀ ਪੀ ਏ) ਹੇਠ ਚਾਰਜਸ਼ੀਟ ਹੋਣ ਵਾਲਾ ਇਹ ਪਹਿਲਾ ਵਿਅਕਤੀ ਭਾਰਤੀ ਪੰਜਾਬੀ ਮੂਲ ਦਾ ਹੈ।

ਮਿਲੀ ਸੂਚਨਾ ਅਨੁਸਾਰ 45 ਸਾਲਾ ਅਮਰਦੀਪ ਸਿੰਘ ਉਰਫ ਬੌਬੀ ਉੱਤੇ ਡੀ ਪੀ ਏ-1950 ਦੀ ਉਲੰਘਣਾ ਕਰਨ ਦਾ ਦੋਸ਼ ਲੱਗਾ ਹੈ। ਦੱਸਿਆ ਗਿਆ ਹੈ ਕਿ ਅਮਰੀਕਾ ਵਿੱਚ ਕੋਰੋਨਾ ਵਾਇਰਸ ਸੰਕਟ ਦੇ ਸ਼ੁਰੂ ਤੋਂ ਇਸ ਕਾਨੂੰਨ ਹੇਠ ਇਹ ਪਹਿਲਾ ਅਪਰਾਧਿਕ ਕੇਸ ਬਣਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ 18 ਮਾਰਚ ਨੂੰ ਡੀ ਪੀ ਏ ਲਾਗੂ ਕੀਤਾ ਸੀ ਤਾਂ ਕਿ ਕੋਰੋਨਾ ਦੀ ਮਾਰ ਦੌਰਾਨ ਜਮ੍ਹਾਖੋਰੀ ਨਾਲ ਮੈਡੀਕਲ ਸਪਲਾਈ ਨਾ ਰੁਕੇ ਤੇ ਨਾ ਇਸ ਨੂੰ ਮਨਮਰਜ਼ੀ ਦੀ ਮਹਿੰਗੀ ਕੀਮਤ ਉੱਤੇ ਵੇਚਿਆ ਜਾ ਸਕੇ। ਅਮਰਦੀਪ ਸਿੰਘ ਉੱਤੇ ਲਾਂਗ ਆਈਲੈਂਡ ਵਿੱਚ ਕੇਸ ਬਣਿਆ ਹੈ। ਸਰਕਾਰੀ ਵਕੀਲ ਦੇ ਮੁਤਾਬਕ ਛਾਪੇ ਦੌਰਾਨ ਉਸ ਕੋਲੋਂ 5.6 ਟਨ ਪੀ ਪੀ ਈ (ਪਰਸਨਲ ਪ੍ਰਾਈਵੇਟ ਇਕਿਊਪਮੈਂਟ) ਫੜੇ ਹਨ। ਅਮਰਦੀਪ ਸਿੰਘ ਬੌਬੀ ਨੇ ਨਿਊਯਾਰਕ ਵਿੱਚ ਮਹਾਂਮਾਰੀ ਸ਼ੁਰੂ ਹੁੰਦੇ ਸਾਰ ਸਰਜੀਕਲ ਮਾਸਕ, ਫੇਸ ਸ਼ੀਲਡ, ਪੀ ਪੀ ਈ, ਸੈਨੇਟਾਈਜ਼ਰ ਆਦਿ ਦੀ ਵੱਡੇ ਪੱਧਰ ਉੱਤੇ ਜਮ੍ਹਾਖੋਰੀ ਸ਼ੁਰੂ ਕਰ ਦਿੱਤੀ। ਪਹਿਲਾਂ ਉਹ ਕੱਪੜੇ ਤੇ ਜੁੱਤੀਆਂ ਦੇ ਸਟੋਰ ਚਲਾਉਂਦਾ ਸੀ। ਉਸ ਦੇ ਸਟੋਰ ਤੇ ਗੋਦਾਮ ਤੋਂ 1,00,000 ਮਾਸਕ, 10,000 ਸਰਜੀਕਲ ਗਾਊਨਸ, ਕਰੀਬ 2,500 ਫੁਲ ਬਾਡੀ ਆਈਸੋਲੇਸ਼ਨ ਸੂਟ ਅਤੇ 5,00,000 ਤੋਂ ਵੱਧ ਜੋੜੀ ਡਿਸਪੋਜ਼ੇਬਲ ਦਸਤਾਨੇ ਫੜੇ ਗਏ ਹਨ। ਵਕੀਲ ਮੁਤਾਬਕ ਸਟੋਰ ਦੇ ਰਿਕਾਰਡ ਤੋਂ ਪਤਾ ਲੱਗਾ ਕਿ ਉਸ ਨੇ ਮਾਸਕ 7 ਸੈਂਟ ਦੇ ਹਿਸਾਬ ਖਰੀਦੇ ਤੇ 1 ਡਾਲਰ ਦੇ ਹਿਸਾਬ ਵੇਚੇ ਸਨ। ਅਟਾਰਨੀ ਜਨਰਲ ਦੇ ਦਫਤਰ ਤੋਂ ਨੋਟਿਸ ਮਿਲਣ ਦੇ ਬਾਵਜੂਦ ਅਮਰਦੀਪ ਸਿੰਘ ਬੌਬੀ ਨੇ ਸੋਸ਼ਲ ਮੀਡੀਆ ਉੱਤੇ ਮਾਰਕੀਟਿੰਗ ਜਾਰੀ ਰੱਖੀ ਸੀ।

ਦੂਸਰੇ ਪਾਸੇ ਅਮਰਦੀਪ ਸਿੰਘ ਬੌਬੀ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੇ ਕਲਾਈਂਟ ਨੇ ਕੁਝ ਵੀ ਗਲਤ ਨਹੀਂ ਕੀਤਾ, ਸਗੋਂ ਫਾਇਰ ਸਟੇਸ਼ਨਾਂ ਅਤੇ ਹੋਰ ਕਈ ਗਰੁੱਪਾਂ ਨੂੰ ਪੀ ਪੀ ਈ ਦਾਨ ਵੀ ਕੀਤੇ ਹਨ।

# ਨਿਊਯਾਰਕ ਦੇ ਗਵਰਨਰ ਨੇ ਕਿਹਾ: ਕੋਰੋਨਾ ਚੀਨ ਤੋਂ ਨਹੀਂ, ਯੂਰਪ ਤੋਂ ਆਇਐ



ਨਿਊਯਾਰਕ, 26 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਜਦੋਂ ਅਮਰੀਕਾ ਵਿਚ ਬਹੁਤ ਵਧੀ ਪਈ ਹੈ, ਓਦੋਂ ਇਸ ਦੀ ਸਭ ਤੋਂ ਵੱਧ ਮਾਰ ਝੱਲ ਰਹੇ ਨਿਊਯਾਰਕ ਸਟੇਟ ਦੇ ਗਵਰਨਰ ਨੇ ਇਸ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਰੱਜ ਕੇ ਭੜਾਸ ਕੱਢੀ ਅਤੇ ਦੋਸ਼ ਲਾਏ ਹਨ।

ਨਿਊਯਾਰਕ ਦੇ ਗਵਰਨਰ ਐਂਡਰੀਊ ਕੁਮੋ ਨੇ ਇਕ ਰਿਸਰਚ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਨਿਊਯਾਰਕ ਵਿਚ ਕੋਰੋਨਾ ਵਾਇਸ ਚੀਨ ਤੋਂ ਨਹੀਂ, ਯੂਰਪ ਤੋਂ ਆਇਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸਰਕਾਰ ਨੇ ਕੋਰੋਨਾ ਤੋਂ ਬਚਾਅ ਲਈ ਬਹੁਤ ਦੇਰੀ ਨਾਲ ਕਦਮ ਚੁੱਕੇ ਸਨ, ਜਿਸ ਕਾਰਨ ਫੈਲ ਗਿਆ ਹੈ। ਨਾਰਥ ਵੈਸਟਰਨ ਯੂਨੀਵਰਸਿਟੀ ਦੀ ਇਕ ਰਿਸਰਚ ਦਾ ਹਵਾਲਾ ਦੇ ਕੇ ਗਵਰਨਰ ਐਂਡਰੀਊ ਕੁਮੋ ਨੇ ਆਖਿਆ ਕਿ ਨਿਊਯਾਰਕ ਵਿਚ ਕੋਰੋਨਾ ਦਾ ਪਹਿਲਾ ਕੇਸ 1 ਮਾਰਚ ਨੂੰ ਦਰਜ ਹੋਇਆ ਸੀ, ਪਰ ਅੰਦਾਜ਼ੇ ਮੁਤਾਬਕ ਓਦੋਂ ਤੱਕ ਨਿਊਯਾਰਕ ਵਿਚ 10 ਹਜ਼ਾਰ ਤੋਂ ਵੱਧ ਲੋਕ ਕੋਰੋਨਾ ਤੋਂ ਪ੍ਰਭਾਵਿਤ ਹੋ ਚੁੱਕੇ ਸਨ। ਉਨ੍ਹਾਂ ਕਿਹਾ ਕਿ ਨਿਊਯਾਰਕ ਵਿਚ ਇਟਲੀ ਤੋਂ ਕੋਰੋਨਾ ਵਾਇਰਸ ਦੇ ਆਉਣ ਦਾ ਸ਼ੱਕ ਹੈ।

ਰਾਸ਼ਟਰਪਤੀ ਟਰੰਪ ਉੱਤੇ ਸਿੱਧਾ ਹਮਲਾ ਕਰਦੇ ਹੋਏ ਗਵਰਨਰ ਕੁਮੋ ਨੇ ਕਿਹਾ ਕਿ ਅਮਰੀਕਾ ਨੇ 2 ਫਰਵਰੀ ਨੂੰ ਚੀਨ ਤੋਂ ਆਉਂਦੀਆਂ ਉਡਾਣਾਂ ਬੰਦ ਕੀਤੀਆਂ, ਜਦੋਂ ਚੀਨ ਦੇ ਵੂਹਾਨ ਵਿੱਚ ਬਿਮਾਰੀ ਨੂੰ ਸ਼ੁਰੂ ਹੋਏ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਸੀ, ਪਰ ਯੂਰਪ ਬਾਰੇ ਟ੍ਰੈਵਲ ਬੈਨ ਕੁਝ ਦਿਨ ਬਾਅਦ ਲਾਇਆ ਤੇ ਓਦੋਂ ਤੱਕ ਅਮਰੀਕਾ ਵਿਚ ਕੋਰੋਨਾ ਵਾਇਰਸ ਬੁਰੀ ਤਰ੍ਹਾਂ ਫੈਲ ਚੁੱਕਾ ਸੀ। ਖਬਰ ਏਜੰਸੀ ਮੁਤਾਬਕ ਕੁਮੋ ਨੇ ਕਿਹਾ ਕਿ ਚੀਨ ਵਿਚ ਮਹਾਮਾਰੀ ਪਿੱਛੋਂ ਅਸੀਂ ਉਡਾਣਾਂ ਬੰਦ ਕਰ ਕੇ ਇਕ ਤਰ੍ਹਾਂ ਸਾਹਮਣੇ ਦਾ ਦਰਵਾਜ਼ਾ ਬੰਦ ਕਰ ਕੇ ਠੀਕ ਕੀਤਾ, ਪਰ ਪਿਛਲਾ ਦਰਵਾਜ਼ਾ ਖੁੱਲ੍ਹਾ ਰੱਖਿਆ, ਜਿਸ ਨਾਲ ਚੀਨ ਤੋਂ ਦੁਨੀਆ ਵਿਚ ਫੈਲਦਾ ਹੋਇਆ ਇਹ ਵਾਇਰਸ ਏਥੇ ਆ ਗਿਆ। ਗਵਰਨਰ ਕੁਮੋ ਦੇ ਇਸ ਬਿਆਨ ਨਾਲ ਅਮਰੀਕਾ ਵਿਚ ਸਿਆਸੀ ਬਹਿਸ ਦੀ ਭਖ ਗਈ ਹੈ ਕਿ ਅਮਰੀਕਾ ਵਿਚ ਵਾਇਰਸ ਕਦੋਂ ਪੁੱਜਾ ਅਤੇ ਕੀ ਸਮੇਂ ਸਿਰ ਜ਼ਰੂਰੀ ਕਦਮ ਚੁੱਕ ਕੇ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਐਂਡਰੀਉ ਕੁਮੋ ਨੇ ਟਰੰਪ ਸਰਕਾਰ ਨੇ ਪੁੱਛਿਆ ਕਿ ਜਦੋਂ ਚੀਨ ਵਿਚੋਂ ਜਨਵਰੀ ਤੇ ਫਰਵਰੀ ਵਿਚ ਡਰਾਉਣੀਆਂ ਖਬਰਾਂ ਆਈਆਂ ਸਨ, ਓਦੋਂ ਸਰਕਾਰ ਨੇ ਛੇਤੀ ਕਾਰਵਾਈ ਕਿਉਂ ਨਾ ਕੀਤੀ। ਉਨ੍ਹਾ ਕਿਹਾ ਕਿ ਚੀਨ ਵਿਚ ਬਿਮਾਰੀ ਸ਼ੁਰੂ ਹੋਣ ਦੇ 2 ਮਹੀਨੇ ਪਿੱਛੋਂ ਅਸੀਂ ਸਰਗਰਮ ਹੋਏ, ਕੀ ਕੋਈ ਚੀਨ ਵਿਚ ਵਾਇਰਸ ਸਾਡੀ 2 ਮਹੀਨੇ ਇੰਤਜ਼ਾਰ ਕਰਦਾ ਰਿਹਾ ਸੀ।

# ਪਰਵਾਸੀਆਂ ਵੱਲੋਂ ਭਾਰਤ ਭੇਜੀ ਜਾਂਦੀ ਰਕਮ 23 ਫ਼ੀਸਦੀ ਘਟੇਗੀ



ਵਾਸ਼ਿੰਗਟਨ, 26 ਅਪ੍ਰੈਲ (ਪੋਸਟ ਬਿਊਰੋ)- ਵਰਲਡ ਬੈਂਕ ਨੇ ਕੱਲ੍ਹ ਕਿਹਾ ਹੈ ਕਿ ਵਿਦੇਸ਼ ਵੱਸਦੇ ਭਾਰਤੀਆਂ ਵੱਲੋਂ ਆਪਣੀ ਕਮਾਈ ਵਿੱਚੋਂ ਕੁਝ ਹਿੱਸਾ ਜਿਹੜਾ ਵਾਪਸ ਆਪਣੇ ਦੇਸ਼ ਭੇਜਿਆ ਜਾਂਦਾ ਹੈ, ਕੋਵਿਡ ਮਹਾਮਾਰੀ ਕਾਰਨ ਮੌਜੂਦਾ ਸਾਲ ਵਿੱਚ ਇਹ ਰਾਸ਼ੀ 23 ਫ਼ੀਸਦੀ ਦੇ ਨਿਘਾਰ ਨਾਲ ਘਟ ਕੇ 64 ਅਰਬ ਅਮਰੀਕੀ ਡਾਲਰ ਰਹਿ ਜਾਵੇਗੀ।

ਪਿਛਲੇ ਸਾਲ ਇਹ ਅੰਕੜਾ 83 ਅਰਬ ਅਮਰੀਕੀ ਡਾਲਰ ਸੀ। ਇਹ ਦਾਅਵਾ ਸੰਸਾਰ ਬੈਂਕ ਨੇ ਆਪਣੀ ਰਿਪੋਰਟ ਵਿੱਚ ਕੀਤਾ ਹੈ। ਵਿਸ਼ਵ ਬੈਂਕ ਨੇ ਕਿਹਾ ਕਿ ਮਹਾਮਾਰੀ ਤੇ ਮਗਰੋਂ ਲੌਕਡਾਊਨ ਕਰਕੇ ਆਰਥਿਕ ਸੰਕਟ ਕਾਰਨ ਪਰਵਾਸੀ ਕਾਮਿਆਂ ਦਾ ਰੁਜ਼ਗਾਰ ਖੁੱਸਣ ਤੇ ਉਨ੍ਹਾਂ ਦੀਆਂ ਤਨਖ਼ਾਹਾਂ 'ਚ ਕਟੌਤੀ ਕਰਕੇ ਸੰਸਾਰ ਪੱਧਰ 'ਤੇ ਇਹ ਅੰਕੜਾ 20 ਫ਼ੀਸਦੀ ਡਿੱਗ ਸਕਦਾ ਹੈ। ਬੈਂਕ ਦੇ ਮੁਖੀ ਡੇਵਿਡ ਮੈਲਪਾਸ ਨੇ ਕਿਹਾ ਕਿ ਪਰਵਾਸੀ ਕਾਮਿਆਂ ਵੱਲੋਂ ਆਪਣੀ ਕਮਾਈ 'ਚੋਂ ਆਪਣੇ ਮੁਲਕ ਭੇਜਿਆ ਜਾਂਦਾ ਪੈਸਾ ਵਿਕਾਸਸ਼ੀਲ ਮੁਲਕਾਂ ਲਈ 'ਆਮਦਨ ਦਾ ਅਹਿਮ ਸਰੋਤ' ਹੈ। ਉਨ੍ਹਾਂ ਨੇ ਕਿਹਾ, 'ਕੋਵਿਡ-19 ਕਰਕੇ ਆਈ ਆਰਥਿਕ ਮੰਦੀ ਨਾਲ ਪਰਵਾਸੀਆਂ ਦੀ ਆਪਣੇ ਘਰਾਂ ਨੂੰ ਪੈਸੇ ਭੇਜਣ ਦੀ ਸਮੱਰਥਾ ਨੂੰ ਮਾਰ ਪਏਗੀ।' ਉਨ੍ਹਾਂ ਕਿਹਾ ਕਿ ਪਰਵਾਸੀਆਂ ਵੱਲੋਂ ਭੇਜੇ ਪੈਸੇ ਨਾਲ ਉਨ੍ਹਾਂ ਦੇ ਪਰਵਾਰਾਂ ਨੂੰ ਖੁਰਾਕ, ਸਿਹਤ ਸੰਭਾਲ ਤੇ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਮਿਲਦੀ ਹੈ। ਰਿਪੋਰਟ ਮਤਾਬਕ ਯੂਰਪ ਅਤੇ ਕੇਂਦਰੀ ਏਸ਼ੀਆ ਵਿੱਚ 27.5 ਫ਼ੀਸਦੀ, ਸਬ ਸਹਾਰਾ ਅਫਰੀਕਾ ਵਿੱਚ 23.1 ਫ਼ੀਸਦੀ, ਮੱਧ ਪੂਰਬ ਤੇ ਉੱਤਰੀ ਅਫਰੀਕਾ ਵਿੱਚ 19.6 ਫ਼ੀਸਦੀ, ਲਾਤੀਨੀ ਅਮਰੀਕਾ ਅਤੇ ਕੈਰੇਬੀਅਨ 'ਚ 19.3 ਫ਼ੀਸਦੀ ਤੇ ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ ਵਿੱਚ 13 ਫ਼ੀਸਦੀ ਦਾ ਨਿਘਾਰ ਆਏਗਾ।

# ਪਰਲ ਕਤਲ ਕੇਸ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ’ਚ ਚੁਣੌਤੀ

ਕਰਾਚੀ, 26 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਪੱਤਰਕਾਰ ਡੈਨੀਅਲ ਪਰਲ ਦੀ ਹੱਤਿਆ ਦਾ ਕੇਸ ਪਾਕਿਸਤਾਨ ਦੀ ਸੁਪਰੀਮ ਕੋਰਟ ਵਿੱਚ ਪੁੱਜ ਗਿਆ ਹੈ। ਸਿੰਧ ਸੂਬੇ ਦੀ ਸਰਕਾਰ ਨੇ ਇਸ ਕੇਸ ਵਿੱਚ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਦੋ ਅਪ੍ਰੈਲ ਨੂੰ ਆਪਣੇ ਫ਼ੈਸਲੇ ਵਿੱਚ ਕਤਲ ਦੇ ਦੋਸ਼ੀ ਕਰਾਰ ਦਿੱਤੇ ਗਏ ਅਲਕਾਇਦਾ ਅੱਤਵਾਦੀ ਅਹਿਮਦ ਉਮਰ ਸ਼ੇਖ ਦੀ ਮੌਤ ਦੀ ਸਜ਼ਾ ਨੂੰ ਸੱਤ ਸਾਲ ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਸੀ ਅਤੇ ਇਸ ਦੇ ਨਾਲ ਹੀ ਤਿੰਨ ਹੋਰ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਸੀ। ਕਰਾਚੀ ਵਿੱਚ ਜਨਵਰੀ 2002 ਵਿੱਚ 38 ਸਾਲਾ ਪਰਲ ਨੂੰ ਅਗਵਾ ਪਿੱਛੋਂ ਗਲ਼ਾ ਕੱਟ ਕੇ ਮਾਰ ਦਿੱਤਾ ਗਿਆ ਸੀ। ਉਹ ਪਾਕਿਸਤਾਨ 'ਚ ਅਮਰੀਕੀ ਅਖ਼ਬਾਰ ਵਾਲ ਸਟ੍ਰੀਟ ਜਰਨਲ ਦੇ ਦੱਖਣੀ ਏਸ਼ਿਆਈ ਬਿਊਰੋ ਚੀਫ ਵਜੋਂ ਕੰਮ ਕਰ ਰਹੇ ਸਨ। ਇਸ ਕੇਸ ਵਿੱਚ ਗ੍ਰਿਫ਼ਤਰਾ ਕੀਤੇ ਗਏ ਸ਼ੇਖ ਨੂੰ ਅੱਤਵਾਦ ਰੋਕੂ ਅਦਾਲਤ ਨੇ ਮੌਤ ਦੀ ਸਜ਼ਾ ਅਤੇ ਤਿੰਨ ਹੋਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਪ੍ਰੰਤੂ ਸਿੰਧ ਹਾਈ ਕੋਰਟ ਨੇ ਇਨ੍ਹਾਂ ਸਜ਼ਾਵਾਂ ਨੂੰ ਪਲਟ ਦਿੱਤਾ ਸੀ। ਇਸ ਫ਼ੈਸਲੇ 'ਤੇ ਅਮਰੀਕਾ ਨੇ ਪਾਕਿਸਤਾਨ ਸਰਕਾਰ ਨਾਲ ਨਾਰਾਜ਼ਗੀ ਪ੍ਰਗਟਾਈ ਸੀ। ਸਿੰਧ ਸੂਬੇ ਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਕਿ ਦੋਸ਼ੀਆਂ ਖ਼ਿਲਾਫ਼ ਸਾਰੇ ਸਬੂਤ ਸਾਬਿਤ ਹੋਏ ਸਨ। ਪੱਤਰਕਾਰ ਦੀ ਹੱਤਿਆ ਬਾਰੇ ਪਤਾ ਲੱਗਾ ਕਿ ਇੱਕ ਵੀਡੀਓ ਵੀ ਸਹੀ ਸਾਬਿਤ ਹੋਇਆ ਸੀ ਤੇ ਉਸ ਨੂੰ ਕਦੀ ਚੁਣੌਤੀ ਨਹੀਂ ਦਿੱਤੀ ਗਈ ਸੀ। ਦੱਸਣ ਯੋਗ ਹੈ ਕਿ ਪਾਕਿਸਤਾਨੀ ਫ਼ੌਜ ਅਤੇ ਆਈ ਐਸ ਆਈ ਦੇ ਅੱਤਵਾਦੀਆਂ ਨਾਲ ਸਬੰਧਾਂ ਨੂੰ ਲੈ ਕੇ ਪਾਕਿ 'ਚ ਕਵਰੇਜ ਕਰਨ ਆਏ ਵਾਲ ਸਟ੍ਰੀਟ ਜਰਨਲ ਦੇ ਬਿਊਰੋ ਚੀਫ ਡੈਨੀਅਲ ਪਰਲ ਦੀ ਪਾਕਿਸਤਾਨ ਵਿੱਚ ਅਗਵਾ ਕਰਕੇ ਹੱਤਿਆ ਕਰ ਦਿੱਤੀ ਗਈ ਸੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

### We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE T EMS
CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

New Basement $1,000 Off with this flyer

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

## ਲੜਕੀ ਦੀ ਲੋੜ

ਰਾਮਗੜ੍ਹੀਆ ਅੰਮ੍ਰਿਤਧਾਰੀ ਲੜਕਾ 6'-2"/24-08-1995 ਕੈਨੇਡਾ ਪੀ ਆਰ ਲਈ ਗੁਰਸਿੱਖ ਲੜਕੀ ਦੀ ਜਰੂਰਤ ਸਟੂਡੈਂਟ/ਵਰਕ ਪਰਮਿਟ ਸੰਪਰਕ ਕਰ ਸਕਦੇ। ਵਟਸਪ ਨੰਬਰ +1-778-237-0011 +91-98150-44205

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

" Seeking suitable match for Jat Sikh Canadian citizen , Clean Shaven Handsome Boy. He is 1988 born, 5' 11" tall, slim built and a Non-Vegetarian with a charming personality. He is a Chemical Engineer by profession and working in GTA. Chaste no bar. Please contact with details to 647-818-9481 or email rbains1976@gmail.com. "

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092
www.STARLANEPAINTING.com

